# ਸ਼ੈਸ਼ਨ- 2025-26

# (ਸਮਾਜਿਕ ਵਿਗਿਆਨ)

# ਸ਼੍ਰੇਣੀ ਦਸਵੀਂ

# ਵਿੱਲਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ ਪ੍ਰਸ਼ਨ ਬੈਂਕ

# ਭੂਗੋਲ

ਪਾਠ-1 ਸੋਮੇ ਅਤੇ ਵਿਕਾਸ

**MCQs**

1. ਹੇਠਾਂ ਦਿੱਤਿਆਂ ਵਿੱਚੋ ਕਿਹੜੀ ਚੀਜ਼ ਸਰੋਤ ਕਹਾਉਂਦੀ ਹੈ?

(a) ਕੁਦਰਤ ਵਿੱਚ ਉਪਲਬਧ ਕੋਈ ਵੀ ਚੀਜ਼ (b) ਮਨੁੱਖੀ ਲੋੜਾਂ ਨੂੰ ਪੂਰਾ ਕਰਨ ਲਈ ਲਾਭਕਾਰੀ ਚੀਜ਼

(c) ਕੋਈ ਵੀ ਪਦਾਰਥ ਜੋ ਵਰਤੋ ਰਹਿਤ ਪਿਆ ਹੋਵੇ (d) ਸਿਰਫ਼ ਖਣਿਜ

**ਉੱਤਰ:** (b) ਮਨੁੱਖੀ ਲੋੜਾਂ ਨੂੰ ਪੂਰਾ ਕਰਨ ਲਈ ਲਾਭਕਾਰੀ ਚੀਜ਼

2. ਸਰੋਤ ਦੀ ਧਾਰਨਾ ਹੈ:

(a) ਸਥਿਰ (b) ਗਤੀਸ਼ੀਲ

(c) ਅਸਥਾਈ (d) ਅਪਰਿਵਰਤਨਸ਼ੀਲ

**ਉੱਤਰ:** (b) ਗਤੀਸ਼ੀਲ

3. "ਦੁਨੀਆ ਵਿੱਚ ਹਰ ਕਿਸੇ ਦੀ ਲੋੜ ਲਈ ਕਾਫ਼ੀ ਹੈ ਪਰ ਹਰ ਕਿਸੇ ਦੇ ਲਾਲਚ ਲਈ ਨਹੀਂ" – ਇਹ ਕਿਸ ਨੇ ਕਿਹਾ ਸੀ?

(a) ਨਹਿਰੂ (b) ਮਹਤਾਮਾ ਗਾਂਧੀ ਜੀ

(c) ਟੈਗੋਰ (d) ਵਿਵੇਕਾਨੰਦ

**ਉੱਤਰ:** (b) ਮਹਤਾਮਾ ਗਾਂਧੀ ਜੀ

4. )ਚਰਨੋਬੇਲ ਪ੍ਰਮਾਣੂ ਕਾਂਡ ਕਿੱਥੇ ਵਾਪਰਿਆ ਸੀ ?

a) ਅਮਰੀਕਾ b)ਭਾਰਤ

c) ਜਪਾਨ d) ਯੂਕਰੇਨ

**ਉੱਤਰ:** d) ਯੂਕਰੇਨ

5. ਪੰਜਾਬ ਵਿੱਚ ਜ਼ਮੀਨ ਦੇ ਬੰਜਰ ਹੋਣ ਦਾ ਮੁੱਖ ਕਾਰਨ ਕੀ ਹੈ?

a) ਸੰਘਣੀ ਖੇਤੀ b) ਜ਼ਰੂਰਤ ਤੋਂ ਜ਼ਿਆਦਾ ਸਿੰਚਾਈ

(c) ਜੰਗਲਾਂ ਦੀ ਕਟਾਈ (d) ਪਸ਼ੂਆਂ ਦੇ ਚਰਨ ਕਾਰਨ

ਉੱਤਰ:- b) ਜ਼ਰੂਰਤ ਤੋਂ ਜ਼ਿਆਦਾ ਸਿੰਚਾਈ

6. ਹੇਠ ਲਿਖਿਆਂ ਵਿਚੋਂ ਕਿਹੜੇ ਰਾਜ ਵਿੱਚ ਪੌੜੀਨੁਮਾ ਖੇਤੀ ਕੀਤੀ ਜਾਂਦੀ ਹੈ?

a) ਪੰਜਾਬ　　b)ਹਰਿਆਣਾ

c)ਉੱਤਰ ਪ੍ਰਦੇਸ਼ ਦੇ ਮੈਦਾਨੀ ਇਲਾਕੇ　　d) ਉਤਰਾਖੰਡ

ਉੱਤਰ- d) ਉਤਰਾਖੰਡ

True or False (ਸਹੀ ਜਾਂ ਗਲਤ ਲਿਖੋ)

1. ਕੁਦਰਤੀ ਸਰੋਤ ਮਨੁੱਖੀ ਜੀਵਨ ਲਈ ਬਹੁਤ ਜ਼ਰੂਰੀ ਹਨ। (✓)

2. ਮਿੱਟੀ ਇਕ ਸਭ ਤੋਂ ਮਹੱਤਵਪੂਰਨ ਨਵਿਆਉਣ ਯੋਗ ਕੁਦਰਤੀ ਸਰੋਤ ਹੈ। (✓)

3. ਜੰਗਲਾਂ ਦਾ ਨਾਸ ਹੋਣਾ ਮਿੱਟੀ ਦੇ ਕਟਾਅ ਦਾ ਕਾਰਨ ਬਣਦਾ ਹੈ। (✓)

4. ਸੋਮੇ ਮਨੁੱਖ ਦੀਆਂ ਲੋੜਾਂ ਨੂੰ ਸੰਤੁਸ਼ਟ ਨਹੀਂ ਕਰਦੇ । (×)

5. ਸਰੋਤਾਂ ਦੀ ਅਸਮਾਨ ਵੰਡ ਵਿਕਾਸ ਵਿਚ ਰੁਕਾਵਟ ਪੈਦਾ ਕਰਦੀ ਹੈ। (✓)

ਖਾਲੀ ਥਾਵਾਂ:

1)ਉਹ ਵਸਤੂ ਤੇ ਊਰਜਾ ਜੋ ਕੁਦਰਤ ਤੋਂ ਮਿਲਦੀ ਹੈ ___ਅਖਵਾਉਂਦੀ ਹੈ।　ਉੱਤਰ:ਸੋਮਾ।

2) ਜਲ, ਮਿੱਟੀ ਅਤੇ ਜੰਗਲ _____ ਸਰੋਤ ਹਨ।　ਉੱਤਰ :ਕੁਦਰਤੀ।

3) ਭਾਰਤ ਸਰਕਾਰ ਨੇ ਸਾਲ _____ਵਿੱਚ ਆਫਤ ਪ੍ਰਬੰਧਨ ਕਾਨੂੰਨ ਪਾਸ ਕਰਕੇ ਸੈਨਾ ਬਣਾਈ ਜਿਸ ਨੂੰ ਐਨ ਡੀ ਆਰ ਐਫ ਕਿਹਾ ਜਾਂਦਾ ਹੈ।　ਉੱਤਰ:2005

4. ਸਰੋਤਾਂ ਦੀ ਸਹੀ ਵਰਤੋਂ ਨੂੰ _____ ਕਿਹਾ ਜਾਂਦਾ ਹੈ।　ਉੱਤਰ :ਸਥਿਰ ਵਿਕਾਸ

5. ਭਾਰਤ ਵਿੱਚ ਜ਼ਿਆਦਾਤਰ ਮਿੱਟੀ ਦੀ ਕਿਸਮ _____ ਹੈ।　ਉੱਤਰ: ਜਲੋਢੀ ਮਿੱਟੀ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਸ਼ਬਦਾਂ ਵਿੱਚ ਦਿਉ –

1. ਉਹਨਾਂ ਤਿੰਨ ਰਾਜਾਂ ਦੇ ਨਾਮ ਦੱਸੋ ਜਿਨ੍ਹਾਂ ਵਿੱਚ ਕਾਲੀ ਮਿੱਟੀ ਮਿਲਦੀ ਹੈ। ਇੱਥੇ ਉਪਜਣ ਵਾਲੀ ਮੁੱਖ ਫ਼ਸਲ ਦਾ ਨਾਮ ਵੀ ਦੱਸੋ?

ਉੱਤਰ: ਕਾਲੀ ਮਿੱਟੀ ਗੁਜਰਾਤ, ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿੱਚ ਮਿਲਦੀ ਹੈ। ਕਪਾਹ ਅਤੇ ਗੰਨਾ ਇਸ ਮਿੱਟੀ ਵਿੱਚ ਉਪਜਣ ਵਾਲੀਆਂ ਪ੍ਰਮੁੱਖ ਫ਼ਸਲਾਂ ਹਨ।

2. ਭਾਰਤ ਦੇ ਪੂਰਬੀ ਤੱਟ ਤੇ ਨਦੀਆਂ ਦੇ ਡੈਲਟਾਈ ਭਾਗਾਂ ਵਿੱਚ ਕਿਹੜੀ ਕਿਸਮ ਦੀਆਂ ਮਿੱਟੀਆਂ ਮਿਲਦੀਆਂ ਹਨ?

ਉੱਤਰ:- ਭਾਰਤ ਦੇ ਪੂਰਬੀ ਤੱਟ ਉੱਤੇ ਲਾਲ ਮਿੱਟੀ ਅਤੇ ਨਦੀਆਂ ਦੇ ਡੈਲਟਾਈ ਭਾਗਾਂ ਵਿੱਚ ਜਲੋਢੀ ਮਿੱਟੀ ਮਿਲਦੀ ਹੈ ।

3. ਪਹਾੜੀ ਖੇਤਰਾਂ ਵਿੱਚ ਭੇ- ਖੋਰ ਨੂੰ ਰੋਕਣ ਲਈ ਕਿਹੜੇ-ਕਿਹੜੇ ਕਦਮ ਚੁੱਕੇ ਜਾ ਸਕਦੇ ਹਨ?

ਉੱਤਰ:- ਪਹਾੜੀ ਖੇਤਰਾਂ ਵਿੱਚ ਭੋਂ-ਖੋਰ ਨੂੰ ਰੋਕਣ ਲਈ ਹੇਠ ਲਿਖੇ ਕਦਮ ਚੁੱਕੇ ਜਾ ਸਕਦੇ ਹਨ:-

(i). ਪੌੜੀਨੁਮਾ ਖੇਤ ਬਣਾਏ ਜਾਣੇ ਚਾਹੀਦੇ ਹਨ।

(ii). ਖੇਤਾਂ ਨੂੰ ਛੋਟੇ-ਛੋਟੇ ਟੁਕੜਿਆਂ ਜਾਂ ਕਿਆਰੀਆਂ ਬਣਾ ਕੇ ਮਿੱਟੀ ਦੀ ਉਪਰਲੀ ਪਰਤ ਨੂੰ ਖੁਰਨੋਂ ਬਚਾਇਆ ਜਾ ਸਕਦਾ ਹੈ।

(iii). ਕਤਾਰਾਂ ਵਿੱਚ ਦਰੱਖਤ ਲਗਾਏ ਜਾਣੇ ਚਾਹੀਦੇ ਹਨ

੪. ਜੈਵਿਕ ਅਤੇ ਅਜੈਵਿਕ ਸੋਮੇ ਕੀ ਹੁੰਦੇ ਹਨ? ਉਦਾਹਰਨਾਂ ਦਿਉ?

ਉੱਤਰ:- ਜੈਵਿਕ ਸੋਮੇ:- ਜੈਵਿਕ ਸੋਮੇ ਉਹ ਸੋਮੇ ਹਨ, ਜਿਨ੍ਹਾਂ ਦੀ ਪ੍ਰਾਪਤੀ ਸਾਨੂੰ ਜੈਵ-ਮੰਡਲ ਤੋਂ ਹੁੰਦੀ ਹੈ। ਜੈਵ-ਸੋਮਿਆਂ ਵਿੱਚ ਜਾਨ ਹੁੰਦੀ ਹੈ, ਜਿਵੇਂ ਮਨੁੱਖ, ਜੀਵ-ਜੰਤੂ, ਪੰਛੀ, ਮੱਛੀਆਂ ਅਤੇ ਜੰਗਲ ਆਦਿ।

ਅਜੈਵਿਕ ਸੋਮੇ: ਅਜੈਵਿਕ ਸੋਮੇ ਉਹ ਸੋਮੇ ਹੁੰਦੇ ਹਨ, ਜਿਨ੍ਹਾਂ ਵਿੱਚ ਜਾਨ ਨਹੀਂ ਹੁੰਦੀ ਜਿਵੇਂ ਕਿ ਚਟਾਨਾਂ ਅਤੇ ਧਾਤਾਂ ਆਦਿ।

## ਪਾਠ – 2 ਜੈਵਿਕ ਭੂਗੋਲ

## MCQs

1. ਜੈਵਿਕ ਭੂਗੋਲ ਕੀ ਹੈ

a)ਜੀਵੰਤ ਵਸਤਾਂ ਦਾ ਵਿਆਪਕ ਅਧਿਐਨ b)ਸਿਰਫ ਜੈਵਿਕ ਸੰਸਾਰ

c) ਸਿਰਫ ਅਜੈਬਿਕ ਸੰਸਾਰ d) a ਅਤੇ c ਦੋਵੇਂ

ਉੱਤਰ- a)ਜੀਵੰਤ ਵਸਤਾਂ ਦਾ ਵਿਆਪਕ ਅਧਿਐਨ

2. ਭਾਰਤ ਨੂੰ ਕਿੰਨੇ ਜੈਵ ਭੂਗੋਲਿਕ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ?

a) 7 b) 10

c) 9 d) 11

ਉੱਤਰ- b) 10

3. ਭਾਰਤ ਵਿੱਚ ਜੈਵ ਵਿਭਿੰਨਤਾ ਤੀਖਣ ਬਿੰਦੂ( ਹਾਟ ਸਪੋਟ )ਕਿੰਨੇ ਹਨ?

a) 4 b) 5

c) 6 d) 7

ਉੱਤਰ- a) 4

4. IUCN ਦਾ ਪੂਰਾ ਨਾਮ ਕੀ ਬਣਦਾ ਹੈ

a) ਇੰਟਰਨੈਸ਼ਨਲ ਯੂਨੀਅਨ ਆਫ ਕੈਪੀਟਲ ਨੇਸ਼ਨਜ਼

b) ਇੰਟਰਨੈਸ਼ਨਲ ਯੂਨੀਅਨ ਫੋਰ ਕੰਜਰਵੇਸ਼ਨ ਨੇਚਰ

c) ਇੰਟਰਨੈਸ਼ਨਲ ਯੂਨਿਟੀ ਫੋਰ ਕੈਂਸਰ ਐਂਡ ਨਿਊਟਰੀਸ਼ਨ

d) ਇੰਟਰਨੈਸ਼ਨਲ ਯੂਨਿਟੀ ਫੋਰ ਕੋਜਿਜ ਆਫ ਨਿਊਕਲੀਅਰ ਪਾਵਰ

ਉੱਤਰ- b) ਇੰਟਰਨੈਸ਼ਨਲ ਯੂਨੀਅਨ ਫੋਰ ਕੰਜਰਵੇਸ਼ਨ ਨੇਚਰ

5. ਲੋਨਾਰ ਝੀਲ ਕਿਹੜੇ ਰਾਜ ਵਿੱਚ ਸਥਿਤ ਹੈ

a) ਪੰਜਾਬ b) ਮੱਧ ਪ੍ਰਦੇਸ਼

c) ਉੱਤਰ ਪ੍ਰਦੇਸ਼ d)ਮਹਾਰਾਸ਼ਟਰ

ਉੱਤਰ- d)ਮਹਾਰਾਸ਼ਟਰ

(ਸਹੀ ਜਾਂ ਗਲਤ ਲਿਖੋ)

1. ਜੀਵ ਭੂਗੋਲ ਦਾ ਸਬੰਧ ਜੀਵ ਅਤੇ ਪ੍ਰਕਿਰਤੀ ਨਾਲ ਹੈ। (✓)

2. ਭਾਰਤ ਸਰਕਾਰ ਨੇ 20 ਜੀਵ ਖੇਤਰ ਰੱਖਾਂ ਸਥਾਪਿਤ ਕੀਤੀਆਂ ਹਨ। (×)

3. ਪੌਦੇ ਅਤੇ ਜਾਨਵਰ ਦੋਵੇਂ ਜੀਵ ਜਗਤ ਦੇ ਹਿੱਸੇ ਹਨ। (✓)

4. ਭਾਰਤ ਵਿੱਚ ਸਾਰੇ ਜੰਗਲ ਇਕੋ ਕਿਸਮ ਦੇ ਹਨ। (×)

5. ਲੋਨਾਰ ਝੀਲ ਮਨੁੱਖ ਦੁਆਰਾ ਬਣਾਈ ਗਈ ਝੀਲ ਹੈ।(×)

5. ਜੰਗਲ ਜਲਵਾਯੂ ਸੰਤੁਲਨ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ।(✓)

ਖਾਲੀ ਥਾਵਾਂ:

1) ਦੋ ਅਲੱਗ -ਅਲੱਗ ਕਿਸਮ ਦੀਆਂ ਪ੍ਰਜਾਤੀਆਂ ਦਰਮਿਆਨ ਤਬਦੀਲੀ ਦੀ ਜੋਨ ਨੂੰ ___ ਕਿਹਾ ਜਾਂਦਾ ਹੈ। ਉੱਤਰ:ਈਕੋਟੋਨ।

2) ਵਿਸ਼ਵ ਵਾਤਾਵਰਨ ਸੰਭਾਲ ਦਿਵਸ ___ਨੂੰ ਮਨਾਇਆ ਜਾਂਦਾ ਹੈ। ਉੱਤਰ:5 ਜੂਨ।

3)ਭਾਰਤ ਨੂੰ ___ਭੂਗੋਲਿਕ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ। ਉੱਤਰ: ਦਸ ।

4) ਲੋਨਾਰ ਝੀਲ __ਰਾਜ ਵਿੱਚ ਸਥਿਤ ਹੈ। ਉੱਤਰ:ਮਹਾਰਾਸ਼ਟਰ।

5) ਭਾਰਤ ਵਿੱਚ ___ਜੈਵ- ਵਿਭਿੰਨਤਾ ਤੀਖਣ ਬਿੰਦੂ ਹਨ। ਉੱਤਰ:6

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਸ਼ਬਦਾਂ ਤੱਕ ਦਿਓ-

(1) ਜੈਵਿਕ ਭੂਗੋਲ ਕੀ ਹੈ? ਪਰਿਭਾਸ਼ਾ ਦਿਓ।

ਉੱਤਰ: ਜੈਵਿਕ ਭੂਗੋਲ ਜਾਨਦਾਰ ਧੜਕਦੀਆਂ ਤੇ ਵੱਧਦੀਆਂ ਜ਼ਿੰਦਗੀਆਂ ਦਾ ਅਧਿਐਨ ਹੈ। ਇਸ ਵਿੱਚ ਜੈਵਿਕ ਸੰਸਾਰ ਦੀ ਸਥਾਨਿਕ ਵੰਡ ਸ਼ਾਮਿਲ ਹੈ। ਜੈਵਿਕ ਭੂਗੋਲ ਨੂੰ ਭੌਤਿਕ ਸਰੂਪ ਵਿੱਚ ਜੰਗਲ, ਪਸ਼ੂ-ਪੰਛੀ, ਜੀਵ-ਜੰਤੂ, ਜ਼ਮੀਨ, ਪਾਈ ਅਤੇ ਹਵਾ ਦੇ ਇਲਾਵਾ ਸਾਡੀ ਭੋਜਨ ਲੜੀ ਅਤੇ ਭੋਜਨ ਵੈੱਬ ਤੰਤਰ ਦੇ ਵਿਸਥਾਰਤ ਵਿਗਿਆਨ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

(2) ਜੈਵਿਕ ਵਿਭਿੰਨਤਾ ਦੀਆਂ ਕਿਸਮਾਂ ਕੀ ਹੋ ਸਕਦੀਆਂ ਹਨ?

ਉੱਤਰ:-ਜੈਵਿਕ-ਵਿਭਿੰਨਤਾ ਨੂੰ ਅਸੀਂ ਤਿੰਨ ਕਿਸਮਾਂ ਵਿੱਚ ਵੰਡ ਸਕਦੇ ਹਾਂ:

(i). ਜਮਾਂਦਰੂ ਵਿਭਿੰਨਤਾ: ਜੈਵਿਕ-ਵਿਭਿੰਨਤਾ ਤੋਂ ਭਾਵ ਹੈ ਕਿ ਪ੍ਰਜਾਤੀਆਂ ਵਿਚਲਾ ਜੀਨ ਵਖਰੇਵਾਂ।

(ii). ਪ੍ਰਜਾਤੀ ਵਿਭਿੰਨਤਾ: ਇਸ ਨੂੰ ਇੱਕ ਖ਼ਾਸ ਖੇਤਰ ਵਿੱਚ,ਪ੍ਰਜਾਤੀਆਂ ਦੇ ਵਖਰੇਵੇਂ ਵਜੋਂ ਮਾਪਿਆ ਜਾਂਦਾ ਹੈ।

(iii). ਪਰਿਸਥਿਕ ਤੰਤਰ ਵਿਭਿੰਨਤਾ: ਇਸ ਵਿੱਚ ਵੱਖਰੇ-ਵੱਖਰੇ ਪਾਰਿਸਥਿਤਿਕ ਤੰਤਰ ਦੇ ਵਖਰੇਵੇਂ, ਉਹਨਾਂ ਦੇ ਨਿਵਾਸ ਅਸਥਾਨਾਂ ਦੇ ਵੱਖਰੇਵੇਂ ਸ਼ਾਮਿਲ ਹੁੰਦੇ ਹਨ।

3. ਭਾਰਤ ਵਿੱਚ ਜੈਵਿਕ ਵਿਭਿੰਨਤਾ ਦੇ ਤੀਖਣ ਬਿੰਦੂਆਂ ਤੋਂ ਜਾਣੂ ਕਰਵਾਓ।

ਉੱਤਰ:-ਭਾਰਤ ਵਿੱਚ ਜੈਵ-ਵਿਭਿੰਨਤਾ ਵਾਲੇ ਤੀਖਣ ਬਿੰਦੂ ਸਥਾਨ ਹਨ: ਨੇਪਾਲ ਤੇ ਭੂਟਾਨ ਸਮੇਤ ਸਾਰੀ ਪੱਛਮੀ ਤੇ ਕੇਂਦਰੀ ਹਿਮਾਲਿਆ ਪਰਬਤ ਸ਼੍ਰੇਣੀ, ਭਾਰਤ ਬਰਮਾ, ਜਿਸ ਵਿੱਚ ਸਾਰਾ ਉੱਤਰ-ਪੂਰਬੀ ਖਿੱਤਾ ਅਤੇ ਮਿਆਂਮਾਰ ਦਾ ਪਹਾੜੀ ਇਲਾਕਾ, ਅੰਡੇਮਾਨ-ਨਿਕੋਬਾਰ ਤੇ ਇੰਡੋਨੇਸ਼ੀਆਈ ਦੀਪ-ਸਮੂਹ, ਪੱਛਮੀ ਘਾਟ ਤੇ ਸ੍ਰੀ ਲੰਕਾ, ਤਰਾਈ-ਦੁਆਰ ਸਵਾਨਾ, ਸੁੰਡਾਲੈਂਡ।

4. ਸੁੰਦਰਬਨ ਉੱਤੇ ਇੱਕ ਨੋਟ ਲਿਖੋ?

ਉੱਤਰ: ਸੁੰਦਰਬਨ ਦਾ ਗੰਗਾ-ਬ੍ਰਹਮਪੁੱਤਰ ਡੈਲਟਾ ਦੁਨੀਆ ਦਾ ਸਭ ਤੋਂ ਵੱਡਾ ਡੈਲਟਾ ਹੈ। ਇਸ ਨੂੰ ਸੁੰਦਰਬਨ ਡੈਲਟਾ, ਗੰਗਾ ਡੈਲਟਾ, ਬ੍ਰਹਮਪੁੱਤਰ ਡੈਲਟਾ, ਜਾਂ ਬੰਗਾਲ ਡੈਲਟਾ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਾ ਖੇਤਰਫਲ 9630 ਵਰਗ ਕਿਲੋਮੀਟਰ ਹੈ।

## ਪਾਠ – 3 ਜਲ ਸਾਧਨ

ਬਹੁ ਚੋਣਵੇ ਪ੍ਰਸ਼ਨ (ੳ) -

1. ਭਾਰਤ ਵਿੱਚ, ਸੰਸਾਰ ਦੇ ਕਿੰਨੇ ਫ਼ੀਸਦੀ ਨਵਿਆਉਣ ਯੋਗ ਜਲ ਸਾਧਨ ਹਨ।

a) 3 b)4

c) 5 d) 7

ਉੱਤਰ- b)4

2. ਧਰਤੀ ਉੱਤੇ ਕਿੰਨੇ ਫ਼ੀਸਦੀ ਜਲ ਖਾਰਾ ਹੈ ਤੇ ਕਿੰਨੇ ਫ਼ੀਸਦੀ ਤਾਜ਼ਾ ਹੈ।

a) 97 ਤੇ 03 b) 95 ਤੇ 05

( c ) 90 ਤੇ 10 d) 98 ਤੇ 02

ਉੱਤਰ:- a)97 ਤੇ 03

3. ਕਿਹੜਾ ਖੇਤਰ ਸਭ ਤੋਂ ਵੱਧ ਤਾਜ਼ੇ ਪਾਣੀ ਦੀ ਵਰਤੋਂ ਕਰਦਾ ਹੈ?

(a) ਘਰੇਲੂ(ਰਹਾਇਸ਼ੀ) (b)ਸਨਅਤਾਂ (ਉਦਯੋਗ)

c)ਖੇਤੀਬਾੜੀ(ਜ਼ਰਾਇਤੀ) (d) ਇਨ੍ਹਾਂ ਵਿੱਚੋਂ ਕੋਈ ਨਹੀਂ

ਉੱਤਰ:- c)ਖੇਤੀਬਾੜੀ (ਜ਼ਰਾਇਤੀ)

4. ਸਵੱਛ ਭਾਰਤ ਮਿਸ਼ਨ- ਗ੍ਰਾਮੀਣ ਕਦੋਂ ਅਰੰਭਿਆ ਗਿਆ ਸੀ?

( a ) 2010 ਈ. (b) 2012 ਈ.

(c) 2014 ਈ. (d) 2016 ਈ.

ਉੱਤਰ- (c) 2014 ਈ.

5. C.W.M.I ਦਾ ਪੂਰਾ ਨਾਮ ਕੀ ਬਣਦਾ ਹੈ?

(a) ਕੰਪੋਜਿਟ ਵਾਟਰ ਮੈਨੇਜਮੈਂਟ ਇੰਡੈਕਸ

(b) ਛੱਤੀਸਗੜ੍ਹ ਵੈਸਟ ਬੰਗਾਲ ਮਹਾਂਰਾਸ਼ਟਰ ਇੰਟਰਰਿਲੇਸ਼ਨ

(c) ਕੰਪੋਜਡ ਵਾਟਰ ਮਾਰਕੀਟੰਗ ਇੰਡੈਕਸ

(d) ਉਪਰੋਕਤ ਵਿੱਚੋਂ ਕੋਈ ਨਹੀਂ।

ਉੱਤਰ- (a) ਕੰਪੋਜਿਟ ਵਾਟਰ ਮੈਨੇਜਮੈਂਟ ਇੰਡੈਕਸ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਸ਼ਬਦਾਂ ਤੱਕ ਦਿਓ -

(1) ਪਾਣੀ, ਨਵਿਆਉਣ ਯੋਗ ਸਾਧਨ ਕਿਵੇਂ ਬਣਦਾ ਹੈ?

ਉੱਤਰ- ਧਰਤੀ ਉੱਤੇ ਪਾਣੀ ਦਾ ਜਲ ਚੱਕਰ ਇਕ ਧਰਮ ਤੰਤਰ (Global Process) ਹੈ ਜਿਸ ਅਧੀਨ ਜਲ ਹਵਾ ਤੋਂ ਧਰਤ ਵੱਲ ਫਿਰ ਧਰਤ ਤੋਂ ਵਾਪਸ ਵਾਯੂਮੰਡਲ ਵੱਲ ਚੱਲਦਾ ਹੈ। ਇਸ ਚੱਕਰ ਦੇ ਪ੍ਰਮੁੱਖ ਤੱਤਾਂ ਵਿੱਚ ਮਿੱਟੀ ਵਿੱਚ

ਪਾਣੀ ਦਾ ਜਜ਼ਬ ਹੋਣਾ, ਧਰਤੀ ਦੀ ਸਤ੍ਹਾ ਉੱਤੇ ਵਹਿਣਾ, ਸਤਹੀ ਜਲ ਦਾ ਜ਼ਮੀਨਦੋਜ ਤੇ ਸਾਗਰੀ ਜਲ ਬਣਨਾ ਅਤੇ ਮਿੱਟੀ ਤੇ ਪੌਦਿਆਂ ਤੋਂ ਵਾਸ਼ਪੀਕਰਨ ਆਦਿ ਦੇ ਹੋਣ ਨਾਲ ਪਾਣੀ ਨਵਿਆਉਣ ਯੋਗ ਸਾਧਨ ਬਣ ਜਾਂਦਾ ਹੈ।

(2) ਪਾਣੀ ਦੀ ਕਮੀ ਦੀ ਪ੍ਰਕਿਰਿਆ ਹੈ ਤੇ ਇਸ ਦਾ ਮੁੱਖ ਕਾਰਨ ਕੀ ਹੈ?

ਉੱਤਰ - ਪਾਣੀ ਦੀ ਕਮੀ ਦੀ ਪ੍ਰਕਿਰਿਆ ਤੋਂ ਭਾਵ ਹੈ ਕਿ ਜਦੋਂ ਪਾਣੀ ਦੀ ਮੰਗ ਦੀ ਪੂਰਤੀ ਨੂੰ ਪੂਰਾ ਕਰਨ ਲਈ ਧਰਤੀ ਉੱਪਰ ਤਾਜੇ ਪਾਣੀ ਦੇ ਸਰੋਤਾਂ ਦੀ ਘਾਟ ਹੋਵੇ ਜਾਂ ਉਸ ਮੰਗ ਨੂੰ ਪੂਰਾ ਨਾ ਕੀਤਾ ਜਾ ਸਕੇ। ਪਾਣੀ ਦੀ ਕਮੀ ਦੇ ਮੁੱਖ ਕਾਰਨ ਵੱਧਦੀ ਆਬਾਦੀ ਅਤੇ ਤਾਜੇ ਪਾਣੀ ਦੀ ਮੰਗ ਵਿੱਚ ਵਿਸ਼ਵ-ਵਿਆਪੀ ਵਾਧਾ, ਪਾਣੀ ਦੀ ਜਿਆਦਾ ਵਰਤੋਂ ਅਤੇ ਬਰਬਾਦੀ ਅਤੇ ਮੌਸਮੀ ਤਬਦੀਲੀ ਆਦਿ ਮੁੱਖ ਕਾਰਨ ਹਨ।

(3) ਬਹੁ-ਮੰਤਵੀ ਦਰਿਆਈ ਪ੍ਰਾਜੈਕਟਾਂ ਦੇ ਫਾਇਦੇ  ਕੀ ਹੋ ਸਕਦੇ ਹਨ?

ਉੱਤਰ: ਬਹੁ-ਮੰਤਵੀ ਦਰਿਆਈ ਪ੍ਰਾਜੈਕਟਾਂ ਦੇ ਫਾਇਦੇ-

(i)ਮੀਹਾਂ ਦਾ ਪਾਣੀ ਇਕੱਠਾ ਕਰਨ ਲਈ ਸਹਾਇਕ

(ii)ਬਿਜਲੀ ਉਤਪਾਦਨ ਲਈ ਸਹਾਇਕ।

(iii)ਖੇਤੀ ਕਾਰਜਾ ਅਤੇ ਸਿੰਚਾਈ ਲਈ ਸਹਾਇਕ।

(iv)ਘਰੋਗੀ ਤੇ ਸਨਅਤੀ ਖੇਤਰ ਵਿੱਚ ਪਾਣੀ ਦੀ ਜ਼ਰੂਰਤ ਪੂਰੀ ਕਰਨ ਵਿੱਚ ਸਹਾਇਕ।

## Lesson 4 -  ਖੇਤੀਬਾੜੀ

ਬਹੁ ਚੋਣਵੇ ਪ੍ਰਸ਼ਨ:-

(i) ਹਰੀ ਕ੍ਰਾਂਤੀ ਦਾ ਪਿਤਾਮਾ ਹੇਠ ਲਿਖਿਆਂ ਵਿੱਚੋਂ ਕਿਸਨੂੰ ਮੰਨਿਆ ਜਾ ਸਕਦਾ ਹੈ ?

(a) ਐੱਮ.ਐੱਸ.ਸਵਾਮੀਨਾਥਨ (b) ਐੱਮ.ਐੱਸ.ਰੰਧਾਵਾ

(c) ਐੱਮ.ਐੱਸ.ਜੋਸ਼ੀ (d) ਐੱਮ.ਐੱਸ.ਕ੍ਰਿਸ਼ਨਾਮੂਰਤੀ

ਉੱਤਰ:- (a) ਐੱਮ.ਐੱਸ. ਸਵਾਮੀਨਾਥਨ

2. ਖੇਤੀਬਾੜੀ . ਆਰਥਿਕ ਕਿਰਿਆ ਕਹਾਉਂਦੀ ਹੈ।

(a) ਮੁੱਢਲੀ (b) ਸਹਾਇਕ

(c) ਤੀਸਰੇ ਦਰਜੇ ਦੀ (d) ਚੌਥੇ ਦਰਜੇ ਦੀ

ਉੱਤਰ:-(a) ਮੁੱਢਲੀ

(3) ਦੇਸ਼ ਦੇ ਕਿੰਨੂੰ ਫ਼ੀਸਦੀ ਕਾਮੇ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਅਧੀਨ ਹਨ ?

(a) 40% (b) 42%

(c) 44% (d) 45%

ਉੱਤਰ:- (c) 44%

(4) ਖੇਤੀਬਾੜੀ (ਜ਼ਰਾਇਤ) ਦੀ ਕਿਹੜੀ ਕਿਸਮ ਪ੍ਰਾਚੀਨ ਕਹਾਉਂਦੀ ਹੈ ?

(a) ਗੁਜ਼ਾਰਾ ਜਾਂ ਨਿਰਬਾਹ ਖੇਤੀ (b) ਸਥਾਨ-ਅੰਤਰੀ ਖੇਤੀ

(c) ਵਿਆਪਕ ਖੇਤੀ (d) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ।

ਉੱਤਰ:- (a) ਗੁਜ਼ਾਰਾ ਜਾਂ ਨਿਰਬਾਹ ਖੇਤੀ

(5) HYV ਸੀਡਜ਼ ਤੋਂ ਭਾਵ ਕਿਹੋ ਜਿਹੇ ਬੀਜ ਹੈ?

(a) ਹਾਈ ਯੀਲਡਿੰਗ ਵੈਰਾਇਟੀ (b) ਹਿਮਾਲਿਅਨ ਯੀਲਡਿੰਗ ਵੈਰਾਇਟੀ

(c) ਹਿਊਮਿਡ ਯੈਲੋ ਵੈਰਾਇਟੀ (d) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

ਉੱਤਰ:- (a)ਹਾਈ ਯੀਲਡਿੰਗ ਵੈਰਾਇਟੀ

(6) "ਆਪ੍ਰੇਸ਼ਨ ਫਲੱਡ ਕਿਸ ਨਾਲ ਸੰਬੰਧਿਤ ਹੈ?

(a) ਭਾਰਤ 'ਚ ਹੜ੍ਹਾਂ ਨਾਲ (b) ਅੰਡਿਆ ਦੇ ਉਤਪਾਦਨ ਨਾਲ

(c) ਦੁੱਧ ਉਤਪਾਦਨ ਨਾਲ (d) ਦਰਿਆਵਾਂ ਨੂੰ ਜੋੜਨ ਨਾਲ

ਉੱਤਰ:- (c) ਦੁੱਧ ਉਤਪਾਦਨ ਨਾਲ

ਖਾਲੀ ਥਾਵਾਂ:

1) ਖੇਤੀਬਾੜੀ __ ਆਰਥਿਕ ਕਿਰਿਆ ਕਹਾਉਂਦੀ ਹੈ। ਉੱਤਰ: ਮੁੱਢਲੀ।

2) ਸਥਾਨੰਤਰ ਖੇਤੀ ਸਿਰਫ _ ਜੰਗਲੀ ਇਲਾਕਿਆਂ ਵਿੱਚ ਕੀਤੀ ਜਾਂਦੀ ਹੈ। ਉੱਤਰ: ਪਿਛੜੇ।

3) ਕਪਾਹ,ਪਟਸਨ, ਸੀਸਲ, ਭੰਗ ਆਦਿ ___ ਫਸਲਾਂ ਹਨ। ਉੱਤਰ: ਰੇਸ਼ੇ ਵਾਲੀਆਂ।

4) ਭਾਰਤ ਸੰਸਾਰ ਦੀ__ ਪ੍ਰਤੀਸ਼ਤ ਕਾਫੀ ਪੈਦਾ ਕਰਦਾ ਹੈ। ਉੱਤਰ:3.5%

5)__ ਮੁੱਲ ਉਹ ਮੁੱਲ ਹੈ ਜਿਸ ਤੇ ਸਰਕਾਰ ਕਿਸਾਨਾਂ ਕੋਲੋਂ ਅਨਾਜ ਦੀ ਖਰੀਦ ਕਰਦੀ ਹੈ। ਉੱਤਰ: ਐਮ.ਐਸ. ਪੀ।

ਸਹੀ ਗਲਤ:

1)ਸੁੰਦਰਬਨ ਸੰਸਾਰ ਦਾ ਸਭ ਤੋਂ ਵੱਡਾ ਚਾਪ ਅਕਾਰੀ ਡੈਲਟਾ ਹੈ। (✓)

2) ਭਾਰਤ ਦਾ ਕੇਰਲ ਰਾਜ ਨੀਵੇਂ ਅਕਸ਼ਾਂਸ਼ਾਂ ਵਿੱਚ ਸਥਿਤ ਹੋਣ ਕਾਰਨ ਗਰਮ ਤੇ ਤਰ ਜਲਵਾਯੂ ਵਾਲਾ ਰਾਜ ਹੈ। (✓)

3) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਥਾਪਨਾ ਸਨ 1960 ਵਿੱਚ ਕੀਤੀ ਗਈ ਸੀ (×)

4) ਅਸਾਮ ਤੇ ਇਸ ਦੇ ਨਾਲ ਲੱਗਦੇ ਰਾਜਾਂ ਵਿੱਚ ਅੰਗਰੇਜ਼ਾਂ ਨੇ ਵੱਡੇ ਪੈਮਾਨੇ ਤੇ ਜੰਗਲਾਂ ਦੀ ਕਟਾਈ ਕਰਕੇ ਚਾਹ ਦੇ ਬਾਗ ਲਗਾਏ ਸਨ। (✓)

5. ਮਿਸ਼ਰਤ ਖੇਤੀ ਵਿੱਚ ਫਸਲਾ ਉਗਾਉਣ ਦੇ ਨਾਲ ਨਾਲ ਪਸ਼ੂ ਪਾਲਣਾ ਸ਼ਾਮਿਲ ਨਹੀਂ ਹੁੰਦਾ। (×)

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਸ਼ਬਦਾਂ ਤੱਕ ਦਿਓ -

(1) ਭਾਰਤ ਦਾ ਕਿਹੜਾ ਰਾਜ 'ਮਸਾਲਿਆਂ ਦਾ ਬਾਗ਼ ਹੈ ਤੇ ਕਿਉਂ?

ਉੱਤਰ:- ਭਾਰਤ ਵਿੱਚ ਕੇਰਲਾ ਨੂੰ 'ਮਸਾਲਿਆਂ ਦੇ ਬਾਗ' ਦੇ ਨਾਮ ਦੇ ਤੌਰ 'ਤੇ ਜਾਇਆ ਜਾਂਦਾ ਹੈ। ਕੇਰਲ ਵਿੱਚ ਕਾਲੀ ਮਿਰਚ, ਹਲਦੀ, ਛੋਟੀ ਇਲਾਇਚੀ, ਲੌਂਗ, ਵਨੇਲਾ, ਕੈਮਬੋਜ (ਮਾਲਾਬਾਰ ਦੀ ਇਮਲੀ), ਸੁਪਾਰੀ, ਦਾਲਚੀਨੀ ਅਤੇ ਕੈਮੀਆਂ ਆਦਿ ਦੀ ਪੈਦਾਵਰ ਕੀਤੀ ਜਾਂਦੀ ਹੈ।

(2) ਭਾਰਤ ਵਿਚ ਖੇਤੀਬਾੜੀ ਦੇ ਵਿਕਾਸ ਪ੍ਰਤੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਭੂਮਿਕਾ ਉੱਤੇ ਨੋਟ ਲਿਖੋ?

ਉੱਤਰ- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਥਾਪਨਾ ਸੰਨ 1962 ਵਿੱਚ ਕੀਤੀ ਗਈ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਪੰਜਾਬ ਵਿੱਚ ਅਨਾਜ ਦੇ ਉਤਪਾਦਨ ਅਤੇ ਹਰੀ ਕ੍ਰਾਂਤੀ ਦੀ ਕਾਮਯਾਬੀ ਵਿੱਚ ਸਭ ਤੋਂ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਦੁਧਾਰੂ ਪਸ਼ੂਆਂ ਅਤੇ ਮੁਰਗੀ ਪਾਲਣ ਦੇ ਵਿਕਾਸ ਵਿੱਚ ਵੀ ਖੇਤੀਬਾੜੀ ਯੂਨੀਵਰਸਿਟੀ ਨੇ ਸਾਥ ਦਿੱਤਾ ਹੈ। ਖੇਤੀਬਾੜੀ ਸੰਬੰਧੀ ਖੋਜਾਂ, ਸਿੱਖਿਆ ਵਿੱਚ ਪ੍ਰਾਪਤੀਆਂ ਕਾਰਨ ਸੰਨ 1995 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ 'ਬੈਸਟ ਯੂਨੀਵਰਸਿਟੀ ਦਾ ਖਿਤਾਬ ਦਿੱਤਾ ਗਿਆ ਸੀ।

## ਪਾਠ 5: ਖਣਿਜ ਪਦਾਰਥ ਅਤੇ ਊਰਜਾ ਦੇ ਸਰੋਤ

ਬਹੁ ਚੋਣਵੇ ਪ੍ਰਸ਼ਨ:

(1) ਹੇਠ ਲਿਖਿਆਂ ਵਿੱਚੋਂ ਕਿਹੜੀ ਖਣਿਜ ਪਦਾਰਥਾਂ ਦੀ ਵਿਸ਼ੇਸ਼ਤਾ ਨਹੀਂ ਹੈ?

(a) ਇਕਹਿਰੇ ਗੁਣ  (b) ਕੁਦਰਤੀ ਵਾਪਰੇ ਤੱਤ

(c) ਵਿਆਖਿਆਮਈ ਸੰਰਚਨਾ  (d) ਕੋਈ ਵੀ ਨਹੀਂ

ਉੱਤਰ (a) ਇਕਹਿਰੇ ਗੁਣ

(2) ਰੂਹਰ ਘਾਟੀ ਕਿਸ ਦੇਸ਼ ਵਿੱਚ ਪੈਂਦੀ ਹੈ?

(a) ਆਸਟ੍ਰੇਲੀਆ  (b) ਜਰਮਨੀ

(c) ਜਾਪਾਨ  (d) ਭਾਰਤ

ਉੱਤਰ:- (b) ਜਰਮਨੀ

(3)ਕਿਹੜੇ ਸਾਧਨ ਰਵਾਇਤੀ ਊਰਜਾ ਦੇ ਸਰੋਤ ਹਨ?

(a) ਪੌਣ ਤੇ ਕੋਲਾ (b) ਜਵਾਰੀ ਤੇ ਸੂਰਜੀ

(c) ਕੁਦਰਤੀ ਗੈਸਾਂ ਤੇ ਤਰੰਗਾਂ (d) ਕੋਲਾ ਤੇ ਪੈਟਰੋਲੀਅਮ

ਉੱਤਰ:- (d) ਕੋਲਾ ਤੇ ਪੈਟਰੋਲੀਅਮ

(4) ਮੁੰਬਈ ਹਾਈ ਕੀ ਹੈ?

(a) ਪਹਾੜੀ ਸਥਾਨ (b) ਤੇਲ ਉਤਪਾਦਕ ਸਥਾਨ

(c) ਕੋਲਾ ਉਤਪਾਦਨ ਪੇਟੀ (d) ਮੈਟਰੋ ਸਟੇਸ਼ਨ

ਉੱਤਰ:- (b) ਤੇਲ ਉਤਪਾਦਕ ਸਥਾਨ

ਖਾਲੀ ਥਾਵਾਂ ਭਰੋ-

1)ਰੂਹਰ ਘਾਟੀ_____ਵਿੱਚ ਸਥਿਤ ਹੈ । ਉੱਤਰ :ਪੱਛਮੀ ਜਰਮਨੀ।

2) ਦੇਸ਼ ਦੇ ਕੁਲ ਕੱਚੇ ਤੇਲ ਉਤਪਾਦਨ ਦਾ ਲਗਭਗ 65% ਹਿੱਸਾ __ ਤੋਂ ਆਉਂਦਾ ਹੈ। ਉੱਤਰ: ਮੁੰਬਈ ਹਾਈ।

3) 1980 ਤੋਂ ਹੁਣ ਤੱਕ ਦੇ ਸਮੇਂ ਨੂੰ __ ਯੁੱਗ ਕਿਹਾ ਜਾਂਦਾ ਹੈ। ਉੱਤਰ: ਸਿਲੀਕੋਨ ਯੁੱਗ।

4) ਭਾਰਤ ਵਿੱਚ ਸਭ ਤੋਂ ਪਹਿਲਾਂ ਕੱਚਾ ਤੇਲ____ ਘਾਟੀ ਵਿੱਚ ਮਿਲਿਆ ਸੀ। ਉੱਤਰ: ਬ੍ਰਹਮ ਪੁੱਤਰ।

5) ਜਵਾਹਰ ਲਾਲ ਨਹਿਰੂ ਨੈਸ਼ਨਲ ਸੋਲਰ ਮਿਸ਼ਨ __ ਵਿੱਚ ਆਰੰਭ ਕੀਤਾ ਗਿਆ। ਉੱਤਰ:2009

ਸਹੀ ਗਲਤ:

1) ਪਥਰਾਟ ਬਾਲਣ ਅਸਲ ਵਿੱਚ ਹਾਈਡਰੋਕਾਰਬਨ ਹੁੰਦੇ ਹਨ। (✓)

2) ਭੋਂ -ਤਾਪੀ ਊਰਜਾ ਵਿੱਚ ਪੋਣ ਊਰਜਾ ਨੂੰ ਵਰਤਿਆ ਜਾਂਦਾ ਹੈ। (×)

5) ਜੈਵਿਕ ਗੈਸ ਵਾਤਾਵਰਨ ਪੱਖੀ ਨਹੀਂ ਹੈ। (×)

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਕੁ ਸ਼ਬਦਾਂ ਤੱਕ ਦਿਓ:-

(1) ਧਾਤਵੇਂ ਖਣਿਜ ਕੀ ਹੁੰਦੇ ਹਨ?

ਉੱਤਰ- ਇਨ੍ਹਾਂ ਖਣਿਜਾਂ ਵਿੱਚ ਧਾਤਾਂ ਜਿਵੇਂ ਕਿ ਤਾਬਾ, ਸੋਨਾ, ਮੈਗਨੀਜ਼, ਬਾਕਸਾਈਟ ਆਦਿ ਤੱਤ ਸ਼ਾਮਿਲ ਹੁੰਦੇ ਹਨ। ਧਾਤਵੇਂ ਖਇਜ ਦੇ ਤਰ੍ਹਾਂ ਦੇ ਹੁੰਦੇ ਹਨ:-

(i) ਲੋਹ ਧਾਤਵੇਂ ਖਣਿਜ:- ਇਹ ਉਹ ਖਣਿਜ ਹਨ, ਜਿਨ੍ਹਾਂ ਵਿੱਚ ਲੋਹ ਧਾਤਾਂ ਜਿਵੇਂ ਕਿ ਲੋਹਾ, ਮੈਗਨੀਜ਼, ਨਿੱਕਲ ਆਦਿ ਤੱਤਾਂ ਵਜੋਂ ਸ਼ਾਮਿਲ ਹੁੰਦੀਆਂ ਹਨ।

(ii) ਲੋਹ- ਰਹਿਤ ਧਾਤਵੇਂ ਖਣਿਜ:- ਇਹ ਉਹ ਖਣਿਜ ਹਨ, ਜਿਨ੍ਹਾਂ ਦੇ ਤੱਤਾਂ ਵਿੱਚ ਲੋਹ ਧਾਤਾਂ ਤੋਂ ਇਲਾਵਾ ਧਾਤਾਂ ਜਿਵੇਂ ਕਿ ਸੋਨਾ, ਚਾਂਦੀ ਅਤੇ ਤਾਂਬਾ ਆਦਿ ਸ਼ਾਮਿਲ ਹੁੰਦੀਆਂ ਹਨ।

(2) ਭਾਰਤ ਦੇ ਕੋਈ ਪੰਜ ਕੋਲਾ ਉਤਪਾਦਕ ਰਾਜਾਂ ਦੇ ਨਾਮ ਲਿਖੋ?

ਉੱਤਰ:-ਜੰਮੂ ਤੇ ਕਸ਼ਮੀਰ, ਝਾਰਖੰਡ, ਉੜੀਸ਼ਾ, ਪੱਛਮੀ ਬੰਗਾਲ, ਛੱਤੀਸਗੜ੍ਹ, ਮੱਧ ਪ੍ਰਦੇਸ਼।

(3) ਗੈਰ-ਰਵਾਇਤੀ ਊਰਜਾ ਸਰੋਤਾਂ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ:- ਊਰਜਾ ਦੀ ਮੰਗ ਵੱਧਣ ਅਤੇ ਰਵਾਇਤੀ ਸਾਧਨਾਂ ਦੇ ਭੰਡਾਰ ਘੱਟਣ ਕਾਰਨ, ਊਰਜਾ ਦੇ ਕਈ ਨਵੇਂ ਗੈਰ-ਰਵਾਇਤੀ ਸਰੋਤਾਂ ਦੇ ਨੇ ਜ਼ੋਰ ਫੜ ਲਿਆ ਹੈ। ਇਹਨਾਂ ਗੈਰ-ਰਵਾਇਤੀ ਸਰੋਤਾਂ ਵਿੱਚ ਸ਼ਾਮਲ ਹਨ: ਸੂਰਜੀ ਊਰਜਾ, ਪੌਣ ਊਰਜਾ, ਭੱ-ਤਾਪੀ ਊਰਜਾ, ਜਵਾਰੀ ਸਾਗਰੀ ਛਲ ਊਰਜਾ, ਪਣ ਬਿਜਲਈ ਊਰਜਾ ਤੇ ਜੈਵ-ਪੁੰਜ ਊਰਜਾ ਆਦਿ।

(4) ਪਥਰਾਟ ਬਾਲਣ ਕੀ ਹੁੰਦੇ ਹਨ?

ਉੱਤਰ -ਪਥਰਾਟ ਬਾਲਣ ਅਸਲ ਵਿੱਚ ਹਾਈਡਰੋਕਾਰਬਨ ਹੁੰਦੇ ਹਨ ਜਿਵੇਂ ਕਿ ਕੋਲਾ, ਪੈਟਰੋਲੀਅਮ ਅਤੇ ਕੁਦਰਤੀ ਗੈਸ। ਇਹ ਨਾਮ ਦਾ ਹੋਏ ਜੈਵਿਕ ਪਦਾਰਥਾਂ ਨੂੰ ਦਿੱਤਾ ਜਾਂਦਾ ਹੈ ਜੋ ਪੌਦਿਆਂ ਤੇ ਜਾਨਵਰਾਂ ਦੇ ਗਲਣ-ਸੜਨ ਤੋਂ ਕੱਚੇ ਤੇਲ, ਕੋਲੇ, ਕੁਦਰਤੀ ਗੈਸਾਂ ਜਾਂ ਭਾਰੀ: 'ਵਿਚ ਤਬਦੀਲ ਹੋ ਜਾਂਦੇ ਹਨ। ਇਹ ਤਬਦੀਲੀ ਕਰੋੜਾਂ ਸਾਲ ਧਰਤੀ ਦੀ ਪੇਪੜੀ ਹੇਠ ਦੱਬੇ ਰਹਿ ਕੇ ਦਬਾਅ ਤੇ ਤਾਪ ਕਾਰਨ ਆਈ ਕਾਰਨ ਇਨ੍ਹਾਂ ਨੂੰ ਖਣਿਜ ਬਾਲਣ ਵੀ ਕਿਹਾ ਜਾਂਦਾ ਹੈ।

## ਪਾਠ 6: ਨਿਰਮਾਣ ਸਨਅਤਾਂ

ਬਹੁ ਚੋਣਵੇ ਪ੍ਰਸ਼ਨ:-

(1) ਹੇਠ ਲਿਖਿਆਂ ਵਿੱਚੋਂ ਕਿਹੜੀ ਸਨਅਤ ਚੂਨਾ ਪੱਥਰ ਨੂੰ ਕੱਚੇ ਮਾਲ ਵੱਜੋਂ ਵਰਤਦੀ ਹੈ?

(a) ਐਲੂਮੀਨੀਅਮ (b) ਸੀਮਿੰਟ

(c) ਪਲਾਸਟਿਕ (d) ਆਟੋ ਮੋਬਾਇਲ

ਉੱਤਰ:- (b) ਸੀਮਿੰਟ

(2) ਹੇਠ ਲਿਖਿਆ ਵਿੱਚੋਂ ਕਿਹੜੀ ਏਜੰਸੀ ਸਰਕਾਰੀ ਖੇਤਰ ਦੇ ਕਾਰਖਾਨਿਆਂ ਨੂੰ ਇਸਪਾਤ ਪ੍ਰਦਾਨ ਕਰਦੀ ਹੈ?

(a) HAIL (b) SAIL

(c) TATA Steel (d) MNCC

ਉੱਤਰ- (b) SAIL

(3) ਹੇਠ ਲਿਖਿਆਂ ਵਿੱਚੋਂ ਕਿਹੜੀ ਸਨਅਤ ਬਾਕਸਾਈਟ ਨੂੰ ਕੱਚੇ ਮਾਲ ਵਜੋਂ ਵਰਤਦੀ ਹੈ?

(a) ਐਲੂਮੀਨੀਅਮ ਸ਼ੁੱਧੀਕਰਨ (b) ਸੀਮਿੰਟ ਨਿਰਮਾਣ

(c) ਕਾਗਜ਼ ਨਿਰਮਾਣ (d) ਇਸਪਾਤ

ਉੱਤਰ- (a) ਐਲਮੀਨੀਅਮ ਸ਼ੁੱਧੀਕਰਨ

(4)ਹੇਠ ਲਿਖਿਆਂ ਵਿੱਚੋਂ ਕਿਹੜੀ ਸਨਅਤ ਟੈਲੀਫੋਨ, ਕੰਪਿਊਟਰ ਆਦਿ ਬਣਾਉਂਦੀ ਹੈ?

(a) ਇਸਪਾਤ
(b) ਐਲੂਮੀਨੀਅਮ ਸ਼ੁੱਧੀਕਰਨ
(c) ਇਲੈਕਟ੍ਰਾਨਿਕ
(d) ਸੂਚਨਾ ਤਕਨੀਕ

ਉੱਤਰ:- (c) ਇਲੈਕਟ੍ਰਾਨਿਕ

(5) ਨਿਰਮਾਣ ਖੇਤਰ ਨੂੰ ਵਿਕਾਸ ਦੀ ਕਿਹਾ ਜਾਂਦਾ ਹੈ।

(a) ਮਾਨਸਿਕਤਾ
(b) ਰੀੜ੍ਹ ਦੀ ਹੱਡੀ
(c) ਤਾਕਤ
(d) ਚਮੜੀ

ਉੱਤਰ- (b) ਰੀੜ੍ਹ ਦੀ ਹੱਡੀ

(6) ਬੀ.ਐੱਚ.ਈ.ਐੱਲ ਦਾ ਪੂਰਾ ਨਾਮ ਕੀ ਹੈ?

(a) ਭਾਰਤ ਹੈਵੀ ਇਲੈਕਟ੍ਰੀਕਲ ਲਿਮਟਿਡ
(b) ਭਾਰਤ ਹੀਟ ਐਂਡ ਐਨਰਜੀ ਲਿਮਟਿਡ
(c) ਭੋਪਾਲ-ਹੈਦਰਾਬਾਦ ਐਨਰਜੀ ਲਿਮਟਿਡ
(d)ਕੋਈ ਵੀ ਨਹੀਂ

ਉੱਤਰ – (a)ਭਾਰਤ ਹੈਵੀ ਇਲੈਕਟ੍ਰੀਕਲ ਲਿਮਟਿਡ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਕੁ ਸ਼ਬਦਾਂ ਤੱਕ ਦਿਓ:-

(1) ਨਿਰਮਾਣ ਤੋਂ ਕੀ ਭਾਵ ਹੈ?

ਉੱਤਰ:- ਜੋ ਸਨਅਤਾਂ ਕਿਸੇ ਵੀ ਤਰ੍ਹਾਂ ਦੇ ਕੱਚੇ ਮਾਲ ਨੂੰ ਵਧੇਰੇ ਕੀਮਤੀ ਤੇ ਨਿਵੇਕਲੇ ਪੱਖ ਤੋਂ ਵਰਤੋਂਯੋਗ ਵਸਤੂ ਵਿੱਚ ਤਬਦੀਲ ਕਰਦੀਆਂ ਹਨ, ਨਿਰਮਾਣ ਸਨਅਤਾਂ ਕਹਾਉਂਦੀਆਂ ਹਨ।

(2) ਕਿਸੇ ਸਨਅਤ ਦੇ ਸਥਾਈਕਰਨ ਲਈ ਕੰਮ ਕਰਦੇ ਕੋਈ ਤਿੰਨ ਭੌਤਿਕ ਤੱਤਾਂ ਦੇ ਨਾਂ ਲਿਖੋ?

ਉੱਤਰ - ਕਿਸੇ ਸਨਅਤ ਦੇ ਸਥਾਈਕਰਨ ਲਈ ਕਈ ਤੱਤ ਆਧਾਰ ਮੰਨੇ ਜਾਂਦੇ ਹਨ। ਜਿਵੇਂ ਕਿ:-

(i) ਕੱਚਾ ਮਾਲ (ii) ਭੂਮੀ (iii) ਊਰਜਾ ਦੇ ਸਾਧਨ

(3) ਕਿਸੇ ਸਨਅਤ ਦੀ ਸਥਾਪਨਾ ਲਈ ਕੋਈ ਤਿੰਨ ਮਨੁੱਖੀ ਤੱਤਾਂ ਦੇ ਨਾਂ ਲਿਖੋ?

ਉੱਤਰ:- ਕਿਸੇ ਸਨਅਤ ਦੀ ਸਥਾਪਨਾ ਲਈ ਤਿੰਨ ਮਨੁੱਖੀ ਤੱਤ ਹੇਠ ਲਿਖੇ ਅਨੁਸਾਰ ਹਨ:-

(i). ਨਿਪੁੰਨ ਅਤੇ ਸਿੱਖਿਅਤ ਕਾਮੇ

(ii). ਪੂੰਜੀਕਾਰੀ

(iii). ਮੰਡੀ

(4) ਮੁੱਢਲੀਆਂ ਸਨਅਤਾਂ ਕੀ ਹੁੰਦੀਆਂ ਹਨ? ਉਦਾਹਰਣਾਂ ਦਿਓ।

ਉੱਤਰ -ਜੋ ਸਨਅਤਾਂ ਅਜਿਹੇ ਪਦਾਰਥ ਜਾਂ ਵਸਤੂਆਂ ਤਿਆਰ ਕਰਦੀਆਂ ਹਨ ਜੋ ਹੋਰ ਨਿਰਮਾਣ ਸਨਅਤਾਂ ਵਿੱਚ ਕੱਚੇ ਮਾਲ ਵੱਜੋਂ ਵਰਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਮੁੱਢਲੀਆਂ ਸਨਅਤਾਂ ਕਿਹਾ ਜਾਂਦਾ ਹੈ। ਜਿਵੇਂ ਲੋਹੇ ਦੀ ਢਲਾਈ ਸਨਅਤ, ਲੋਹਾ ਤੇ ਇਸਪਾਤ ਸਨਅਤ, ਤਾਂਬਾ ਸ਼ੁੱਧੀਕਰਨ ਸਨਅਤ, ਐਲੂਮੀਨੀਅਮ ਸਨਅਤ ਆਦਿ।

(5) ਸੀਮਿੰਟ ਬਣਾਉਣ ਲਈ ਵਰਤੇ ਜਾਂਦੇ ਜ਼ਰੂਰੀ ਕੱਚੇ ਮਾਲ ਤੋਂ ਜਾਣੂ ਕਰਵਾਓ?

ਉੱਤਰ:-ਸੀਮਿੰਟ ਬਣਾਉਣ ਲਈ ਚੂਨੇ ਦੇ ਪੱਥਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਚੂਨੇ ਦਾ ਪੱਥਰ ਭਾਰਤ ਵਿੱਚ ਲਗਭਗ ਸਾਰੇ ਹੀ ਰਾਜਾ ਵਿੱਚੋਂ ਮਿਲਦਾ ਹੈ। ਮੁੱਖ ਉਤਪਾਦਕ ਖੇਤਰਾਂ ਵਿੱਚ ਮੱਧ ਪ੍ਰਦੇਸ਼, ਰਾਜਸਥਾਨ ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ ਆਦਿ ਆਉਂਦੇ ਹਨ।

(6) ਸਨਅਤਾਂ ਦੇ ਵਰਗੀਕਰਨ ਦੇ ਮੁੱਢਲੇ ਆਧਾਰ ਕੀ ਹਨ?

ਉੱਤਰ:- ਸਨਅਤਾਂ ਦੇ ਵਰਗੀਕਰਨ ਦੇ ਮੁੱਢਲੇ ਆਧਾਰ ਹੇਠ ਲਿਖੇ ਅਨੁਸਾਰ ਹਨ:-

i.ਕਿਰਤ ਅਤੇ ਪੂੰਜੀ ਦੇ ਅਧਾਰ 'ਤੇ

ii.ਕੱਚੇ ਮਾਲ ਦੇ ਅਧਾਰ 'ਤੇ

iii.ਮਲਕੀਅਤ ਦੇ ਆਧਾਰ 'ਤੇ

iv. ਕੱਚਾ ਮਾਲ ਸਰੋਤ ਦੇ ਅਧਾਰ 'ਤੇ

v ਫੁੱਟਕਲ

## ਪਾਠ 7: ਆਵਾਜਾਈ ਅਤੇ ਸੰਚਾਰ: ਭਾਰਤ ਦੀ ਜਿੰਦ-ਜਾਨ

ਬਹੁ ਚੋਣਵੇ ਪ੍ਰਸ਼ਨ-

(1) ਪੂਰਬ-ਪੱਛਮ ਗਲਿਆਰੇ ਸੰਬੰਧੀ ਕਿਹੜਾ ਜੋੜਾ ਸਭ ਤੋਂ ਵੱਧ ਦੂਰ ਅਤੇ ਸਹੀ ਹੈ?

(a) ਮੁੰਬਈ-ਨਾਗਪੁਰ (b) ਮੁੰਬਈ-ਕੋਲਕਾਤਾ

(c) ਸਿਲਚਰ-ਪੋਰਬੰਦਰ (d) ਨਾਗਪੁਰ-ਸਿਲੀਗੁੜੀ

ਉੱਤਰ:- (b)ਸਿਲਚਰ-ਪੋਰਬੰਦਰ

(2) ਆਵਾਜਾਈ ਦੀ ਕਿਹੜੀ ਵੰਨਗੀ ਸ਼ਿੱਪਮੈਂਟ (ਵਪਾਰਕ ਆਵਾਜਾਈ) ਦੇ ਨੁਕਸਾਨਾਂ ਤੇ ਦੇਰੀ ਤੋਂ ਬਚਾਅ ਕਰਦੀ ਹੈ?

(a) ਰੇਲਵੇਜ਼ (b)ਪਾਈਪਲਾਈਨਜ਼

(c)ਰੋਡਵੇਜ਼ (d)ਵਾਟਰਵੇਜ਼

ਉੱਤਰ:-(b) ਪਾਈਪਲਾਈਨਜ਼

(3) ਇਹਨਾਂ ਵਿੱਚੋਂ ਕਿਹੜਾ ਰਾਜ H.V.J. ਪਾਈਪਲਾਈਨ ਨਾਲ ਜੁੜਿਆ ਹੋਇਆ ਨਹੀਂ ਹੈ?

(a) ਮੱਧ ਪ੍ਰਦੇਸ਼ (b) ਮਹਾਂਰਾਸ਼ਟਰ

(c)ਗੁਜਰਾਤ (d)ਉੱਤਰ ਪ੍ਰਦੇਸ਼

ਉਤਰ:- (b)ਮਹਾਂਰਾਸ਼ਟਰ

(4) ਪੂਰਬੀ ਤੱਟੀ ਇਲਾਕੇ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜੀ ਬੰਦਰਗਾਹ ਸਭ ਤੋਂ ਡੂੰਘੀ ਤੇ ਚੁਫੇਰਿਓਂ ਘਿਰੀ ਹੋਣ ਕਾਰਨ ਸੁਰੱਖਿਅਤ ਹੈ?

(a) ਚੇਨੱਈ (b) ਪਾਰਾਦੀਪ

(c)ਤੂਤੀਕੋਰਿਨ (d)ਵਿਸ਼ਾਖਾਪਟਨਮ

ਉੱਤਰ:-(d) ਵਿਸ਼ਾਖਾਪਟਨਮ

(5) ਭਾਰਤ ਵਿੱਚ ਆਵਾਜਾਈ ਦਾ ਕਿਹੜਾ ਢੰਗ ਸਭ ਤੋਂ ਵੱਧ ਹਰਮਨ ਪਿਆਰਾ ਹੈ?

(a) ਪਾਈਪਲਾਈਨ (b) ਰੇਲਵੇਜ਼

(c)ਰੋਡਵੇਜ਼ (d) ਏਅਰਵੇਅਜ਼

ਉੱਤਰ:- (b)ਰੇਲਵੇਜ਼

(6) ਦੋ ਜਾਂ ਵੱਧ ਦੇਸ਼ਾਂ ਵਿਚਾਲੇ ਵਪਾਰ ਨੂੰ ਹੇਠ ਲਿਖਿਆਂ ਵਿੱਚੋਂ ਕਿਹੜਾ ਨਾਮ ਸਭ ਤੋਂ ਵਧੀਆ ਦਰਸਾਉਂਦਾ ਹੈ?

(a) ਅੰਦਰੂਨੀ ਵਪਾਰ (b) ਬਾਹਰੀ ਵਪਾਰ

(c)ਕੌਮਾਂਤਰੀ ਵਪਾਰ (d)ਸਥਾਨਕ ਵਪਾਰ

ਉੱਤਰ:-(c) ਕੌਮਾਂਤਰੀ ਵਪਾਰ

ਸਹੀ ਗਲਤ:

1)ਭਾਰਤ ਦੀ ਸਭ ਤੋਂ ਵੱਡੀ ਬੰਦਰਗਾਹ ਚੇਨਈ ਹੈ। (×)

2) ਦੇਸ਼ ਦੀ ਪਹਿਲੀ ਸੜਕ ਵਿਕਾਸ ਯੋਜਨਾ ਸੰਨ 1943 ਵਿੱਚ ਤਿਆਰ ਕੀਤੀ ਗਈ ਸੀ। (✓)

3) ਐਸ ਟੀ ਡੀ ਦਾ ਪੂਰਾ ਨਾਮ ਸਬਸਕ੍ਰਾਈਬਰ ਟਰੰਕ ਡਾਇਲਿੰਗ ਹੁੰਦਾ ਹੈ। (✓)

4) ਭਾਰਤ ਵਿੱਚ ਇਸ ਵੇਲੇ 35 ਕੌਮਾਂਤਰੀ ਹਵਾਈ ਅੱਡੇ ਕੰਮ ਕਰ ਰਹੇ ਹਨ। (×)

5) ਭਾਰਤੀ ਰੇਲਾਂ ਦਾ ਮੌਜੂਦਾ ਸੰਗਠਨ 16 ਜੋਨਾਂ ਵਿੱਚ ਵੰਡਿਆ ਹੋਇਆ ਹੈ। (✓)

ਖਾਲੀ ਥਾਵਾਂ:

1) ਰੇਲ ਦੀਆਂ ਦੋ ਲੀਹਾਂ ਦੇ ਵਿਚਾਲੇ ਘੱਟੋ ਘੱਟ ਆਪਸੀ ਦੂਰੀ ਨੂੰ ____ ਕਿਹਾ ਜਾਂਦਾ ਹੈ। ਉੱਤਰ:ਰੇਲ ਗੇਜ

2) ਦੇਸ਼ ਵਿੱਚ ਮੁਢਲੀ ਹਵਾਈ ਆਵਾਜਾਈ ਸੇਵਾ__ ਵਿੱਚ ਆਰੰਭ ਹੋਈ। ਉੱਤਰ:1911

3) ____ਸੰਸਥਾ ਰਾਠ ਮਾਰਗਾਂ ਦੇ ਨਿਰਬਾਨ ਤੇ ਸੰਭਾਲ ਲਈ ਜਿੰਮੇਵਾਰ ਹੁੰਦਾ ਹੈ। ਉੱਤਰ: ਐਨ ਐਚ ਏ ਆਈ।

4) ਸਟੈਂਡਰਡ ਗੇਜ ਦੀ ਚੌੜਾਈ __ ਹੁੰਦੀ ਹੈ। ਉੱਤਰ:1435 mm

5) __ ਬੰਦਰਗਾਹ ਜਵਾਹਰ ਭਾਟੇ ਨਾਲ ਚੱਲਣ ਵਾਲੀ ਬੰਦਰਗਾਹ ਹੈ। ਉੱਤਰ: ਕਾਂਡਲਾ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30  ਸ਼ਬਦਾਂ ਤੱਕ ਦਿਓ:-

(1) ਸੜਕ ਮਾਰਗਾਂ (ਰੋਡਵੇਜ਼) ਦੇ ਕੋਈ ਤਿੰਨ ਗੁਣ ਲਿਖੋ?

ਉੱਤਰ:- i. ਸੜਕਾਂ ਦਾ ਨਿਰਮਾਣ ਖਰਚਾ, ਰੇਲ ਮਾਰਗਾਂ ਦੇ ਨਿਰਮਾਣ ਖਰਚੇ ਤੋਂ ਕਾਫੀ ਘੱਟ ਹੈ।

ii. ਸੜਕਾਂ, ਹਿਮਾਲਿਆ ਦੀਆਂ ਉੱਚਾਈਆਂ ਅਤੇ ਢਲਾਣਾਂ ਵਰਗੀਆਂ ਥਾਵਾਂ ਉੱਤੇ ਵੀ ਉਸਾਰੀਆਂ ਜਾ ਸਕਦੀਆਂ ਹਨ।

iii. ਸੜਕੀ ਆਵਾਜਾਈ ਕੁੱਝ ਵਿਅਕਤੀਆਂ ਦੇ ਥੋੜ੍ਹੇ ਮਾਲ ਸਮੇਤ ਘੱਟ ਦੂਰੀਆਂ ਤੈਅ ਕਰਨ ਵਿੱਚ ਸਸਤੀ ਪੈਂਦੀ ਹੈ।

iv. ਸੜਕਾਂ ਰੇਲਾਂ ਦੇ ਮੁਕਾਬਲੇ ਵਧੇਰੇ ਅੱਗੜ-ਦੁੱਘੜ ਧਰਾਤਲ ਉੱਤੇ ਉਸਾਰੀਆਂ ਜਾ ਸਕਦੀਆਂ ਹਨ।

(2) ਰੇਲ ਆਵਾਜਾਈ ਕਿੱਥੇ ਤੇ ਕਿਉਂ ਸਭ ਤੋਂ ਸੌਖਾ ਆਵਾਜਾਈ ਦਾ ਸਾਧਨ ਹੈ?

ਉੱਤਰ:- ਰੇਲਾਂ, ਮਾਲ-ਅਸਬਾਬ ਤੇ ਯਾਤਰੀਆਂ ਨੂੰ ਢੋਣ ਵਾਸਤੇ ਦੇਸ਼ ਵਿਚ ਆਵਾਜਾਈ ਦਾ ਪ੍ਰਮੁੱਖ ਸਾਧਨ ਹਨ। ਰੇਲਾਂ ਕਈ ਕਿਸਮ ਦੇ ਹੋਰ ਕਾਰੋਬਾਰ ਦਾ ਆਧਾਰ ਵੀ ਬਣਦੀਆਂ ਹਨ ਜਿਵੇਂ ਕਿ ਸੈਰ-ਸਪਾਟਾ, ਧਾਰਮਿਕ ਯਾਤਰਾਵਾਂ ਅਤੇ ਸਾਜ਼ੋ-ਸਮਾਨ ਲੰਬੀਆਂ ਦੂਰੀਆਂ ਤੱਕ ਲੈ ਜਾਣਾ. ਰੇਲ ਆਵਾਜਾਈ ਦੇ ਨਾਲ ਹੀ ਸੰਭਵ ਹੋਇਆ ਹੈ। ਇਸ ਤੋਂ ਇਲਾਵਾ ਰੇਲਾਂ ਦੇਸ਼ ਨੂੰ ਆਪਸ ਵਿੱਚ ਜੋੜ ਕੇ ਰੱਖਣ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਨ੍ਹਾਂ ਨੇ ਦੇਸ਼ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦਿੱਤਾ ਹੈ।

(3)ਸਰਹੱਦੀ ਸੜਕਾਂ ਦਾ ਕੀ ਮਹੱਤਵ ਹੈ? ।

ਉੱਤਰ:- ਭਾਰਤ ਸਰਕਾਰ ਦਾ ਅਦਾਰਾ ਬਾਰਡਰ ਰੋਡਜ਼ ਆਰਗੇਨਾਈਜੇਸ਼ਨ (BRD) ਦੇਸ਼ ਦੇ ਸਰਹੱਦੀ ਇਲਾਕਿਆਂ ਵਿੱਚ ਸੜਕਾਂ ਬਣਾਉਂਦਾ 'ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਦਾ ਹੈ। ਇਹ ਸੰਗਠਨ 1960 ਵਿੱਚ ਸਥਾਪਿਤ ਕੀਤਾ ਗਿਆ ਸੀ। ਇਨ੍ਹਾਂ ਸੜਕਾਂ ਨੇ ਔਖੇ ਮੰਨੇ ਜਾਂਦੇ ਰਾਹਾਂ ਤੱਕ ਪਹੁੰਚ ਬਣਾ ਦਿੱਤੀ ਹੈ ਅਤੇ ਇਲਾਕੇ ਦੇ ਆਰਥਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਪੱਕੀਆਂ ਸੜਕਾਂ ਹਰ ਮੌਸਮ ਅਤੇ ਹਾਲਾਤਾਂ ਵਿਚ ਸਹਾਈ ਹੁੰਦੀਆਂ ਹਨ।

## ਅਰਥਸ਼ਾਸਤਰ

## ਪਾਠ-1 ਅਰਥ ਸ਼ਾਸਤਰ -ਇੱਕ ਜਾਣ ਪਹਿਚਾਣ

### ਬਹੁ ਵਿਕਲਪੀ ਪ੍ਰਸ਼ਨ ਉੱਤਰ:

1. ਅਰਥ ਸ਼ਾਸਤਰ ਸ਼ਬਦ ਕਿਹੜੀ ਭਾਸ਼ਾ ਦੇ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ

a) ਲਾਤੀਨੀ b) ਅੰਗਰੇਜ਼ੀ

c) ਯੂਨਾਨੀ d) ਜਪਾਨੀ

ਉੱਤਰ: c)ਯੂਨਾਨੀ

2. ਜਦੋਂ ਅਸੀਂ ਕਿਸੇ ਵਸਤੂ ਜਾਂ ਸੇਵਾ ਦੀ ਵਰਤੋਂ ਕਰਦੇ ਹਾਂ ਤਾਂ ਅਸੀਂ ਕੀ ਅਖਵਾਉਂਦੇ ਹਾਂ?

a) ਨਿਵੇਸ਼ਕ b) ਪੂੰਜੀਵਾਦੀ

c) ਉਪਭੋਗਤਾ d) ਨਾਗਰਿਕ

ਉੱਤਰ : c)ਉਪਭੋਗਤਾ

3. ਆਮਦਨ ਦਾ ਉਹ ਭਾਗ ਜਿਹੜਾ ਖਰਚ ਨਹੀਂ ਕੀਤਾ ਜਾਂਦਾ ਉਸਨੂੰ ਕੀ ਕਿਹਾ ਜਾਂਦਾ ਹੈ?

a) ਨਿਵੇਸ਼ b) ਬਚਤ

c) ਖਰਚ d) ਆਮਦਨ

ਉੱਤਰ: b)ਬਚਤ

4. ਮੁਦਰਾ ਸਫੀਤੀ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

a) ਤਿੰਨ b) ਚਾਰ

c) ਦੋ d) ਪੰਜ

ਉੱਤਰ: c) ਦੋ

5.ਜਦੋਂ ਵੱਖ ਵੱਖ ਵਸਤੂਆਂ ਜਾਂ ਸੇਵਾਵਾਂ ਦੀ ਕੀਮਤ ਲਗਾਤਾਰ ਵਧਦੀ ਰਹਿੰਦੀ ਹੈ ਤਾਂ ਉਸਨੂੰ ਕੀ ਕਿਹਾ ਜਾਂਦਾ ਹੈ?

a) ਮੁਦਰਾ b) ਮਹਿੰਗਾਈ

c) ਘਾਟਾ d) ਬਚਤ

ਉੱਤਰ: b) ਮਹਿੰਗਾਈ

6) ਅਰਥ ਸ਼ਾਸਤਰ ਦੀ ਮੁਢਲੀ ਸਮੱਸਿਆ ਕੀ ਹੈ?

a) ਸਰੋਤਾਂ ਦੀ ਵਾਧੂਤਾ b) ਬੇਅੰਤ ਲੋੜਾਂ ਤੇ ਸੀਮਿਤ ਸਰੋਤ

c) ਮੁਫਤ ਵਸਤਾਂ d )ਵਾਧੂ ਉਤਪਾਦਨ

ਉੱਤਰ: b) ਬੇਅੰਤ ਲੋੜਾਂ ਤੇ ਸੀਮਿਤ ਸਰੋਤ

**ਖਾਲੀ ਥਾਵਾਂ:**

1) ਮਨੁੱਖੀ ਲੋੜਾਂ ......ਹਨ । (ਬੇਅੰਤ )

2)ਸਰੋਤ ਹਮੇਸ਼ਾ ...... ਹੁੰਦੇ ਹਨ। (ਸੀਮਿਤ )

**ਸਹੀ /ਗਲਤ:**

1)ਪੂੰਜੀ ਕੁਦਰਤ ਦੀ ਮੁਫਤ ਭੇਟ ਹੈ । (×)

2)ਸਰੋਤਾਂ ਦੀ ਘਾਟ ਨਾਲ ਆਰਥਿਕ ਸਮੱਸਿਆਵਾਂ ਪੈਦਾ ਹੁੰਦੀਆਂ ਹਨ। (✓)

3)ਅਰਥਸ਼ਾਸਤਰ ਸਾਨੂੰ ਸਰੋਤਾਂ ਦੀ ਬਰਬਾਦੀ ਸਿਖਾਉਂਦੀ ਹੈ। (×)

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

1)ਅਰਥਸ਼ਾਸਤਰ ਤੋਂ ਕੀ ਭਾਵ ਹੈ?

ਉੱਤਰ: ਅਰਥਸ਼ਾਸਤਰ ਤੋਂ ਭਾਵ ਅਜਿਹੇ ਵਿਸ਼ੇ ਤੋਂ ਹੈ ਜਿਸ ਦਾ ਸੰਬੰਧ ਘਰੇਲੂ ਪ੍ਰਬੰਧ ਨਾਲ ਹੈ।

2) ਉਪਭੋਗ ਤੋਂ ਕੀ ਭਾਵ ਹੈ?

ਉੱਤਰ: ਉਪਭੋਗ ਤੋਂ ਭਾਵ ਹੈ ਵੱਖ- ਵੱਖ ਵਸਤੂਆਂ ਤੇ ਸੇਵਾਵਾਂ ਦੀ ਵਰਤੋਂ ਕਰਨਾ।

3) ਨਿਵੇਸ਼ ਤੋਂ ਕੀ ਭਾਵ ਹੈ?

ਉੱਤਰ: ਨਿਵੇਸ਼ ਤੋਂ ਭਾਵ ਪੂੰਜੀ ਭੰਡਾਰ ਵਿੱਚ ਹੋਣ ਵਾਲੇ ਵਾਧੇ ਤੋਂ ਹੈ।

4) ਬਚਤ ਤੋਂ ਕੀ ਭਾਵ ਹੈ ?

ਉੱਤਰ: ਆਮਦਨ ਦਾ ਉਹ ਭਾਗ ਜਿਸ ਨੂੰ ਖਰਚ ਨਹੀਂ ਕੀਤਾ ਜਾਂਦਾ ਬਲਕਿ ਆਪਣੇ ਕੋਲ ਬਚਾ ਕੇ ਰੱਖ ਲਿਆ ਜਾਂਦਾ ਹੈ।

5) ਮੁਦਰਾ ਸਫੀਤੀ ਤੋਂ ਕੀ ਭਾਵ ਹੈ?

ਉੱਤਰ:ਜਦੋਂ ਵਸਤੂਆਂ ਦੀ ਕੀਮਤ ਵਿੱਚ ਲਗਾਤਾਰ ਵਾਧਾ ਹੁੰਦਾ ਰਹਿੰਦਾ ਹੈ ਤਾਂ ਇਸ ਨੂੰ ਮੁਦਰਾ ਸਫੀਤੀ ਕਿਹਾ ਜਾਂਦਾ ਹੈ।

## ਪਾਠ- 2 ਵਿਕਾਸ ਅਤੇ ਇਸਦਾ ਮਾਪ

ਹਰੇਕ ਪ੍ਰਸ਼ਨ ਲਈ ਸਹੀ ਉੱਤਰ ਚੁਣੋ

1. ਰਾਸ਼ਟਰੀ ਵਿਕਾਸ ਦਾ ਅਰਥ ਕੀ ਹੈ?

a) ਸਿਰਫ ਕਿਸੇ ਵਿਅਕਤੀ ਦਾ ਵਿਕਾਸ

b) ਸਾਰੇ ਦੇਸ਼ ਦੇ ਲੋਕਾਂ ਦਾ ਮਿਲਜੁਲ ਕੇ ਵਿਕਾਸ

c) ਸਿਰਫ ਸਰਕਾਰ ਦਾ ਵਿਕਾਸ

d) ਵਿਦੇਸ਼ੀ ਕੰਪਨੀਆਂ ਦਾ ਵਿਕਾਸ

ਉੱਤਰ: b) ਸਾਰੇ ਦੇਸ਼ ਦੇ ਲੋਕਾਂ ਦਾ ਮਿਲਜੁਲ ਕੇ ਵਿਕਾਸ

2. ਟਿਕਾਊ ਵਿਕਾਸ (Sustainable Development) ਦਾ ਅਰਥ ਕੀ ਹੈ?

a) ਮੌਜੂਦਾ ਲੋੜਾਂ ਨੂੰ ਪੂਰਾ ਕਰਨਾ ਬਿਨਾਂ ਭਵਿੱਖ ਦੀ ਚਿੰਤਾ ਕੀਤੇ

b) ਮੌਜੂਦਾ ਤੇ ਭਵਿੱਖ ਦੀਆਂ ਲੋੜਾਂ ਵਿਚ ਸੰਤੁਲਨ ਰੱਖਣਾ

c) ਸਿਰਫ ਆਰਥਿਕ ਵਾਧਾ

d) ਪ੍ਰਦੂਸ਼ਣ ਵਧਾਉਣਾ

ਉੱਤਰ: b) ਮੌਜੂਦਾ ਤੇ ਭਵਿੱਖ ਦੀਆਂ ਲੋੜਾਂ ਵਿਚ ਸੰਤੁਲਨ ਰੱਖਣਾ

3. ਆਰਥਿਕ ਵਿਕਾਸ (Economic Development) ਨੂੰ ਕਿਵੇਂ ਮਾਪਿਆ ਜਾਂਦਾ ਹੈ?

a) ਲੋਕਾਂ ਦੀ ਆਮਦਨੀ ਨਾਲ
b) ਲੋਕਾਂ ਦੀ ਉਚਾਈ ਨਾਲ

c) ਖੇਤੀਬਾੜੀ ਨਾਲ
d) ਲੋਕ ਸੰਖਿਆ ਨਾਲ

ਉੱਤਰ: a) ਲੋਕਾਂ ਦੀ ਆਮਦਨੀ ਨਾਲ

4. ਮੌਤ ਦਰ (Mortality Rate) ਕੀ ਦੱਸਦੀ ਹੈ?

a) ਜਨਮ ਲੈਣ ਵਾਲਿਆਂ ਦੀ ਗਿਣਤੀ
b) ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ

c) ਹਰ 1000 ਲੋਕਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ
d) ਖੇਤਾਂ ਦੀ ਉਪਜ

ਉੱਤਰ: c) ਹਰ 1000 ਲੋਕਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ

5. ਟਿਕਾਊ ਵਿਕਾਸ ਲਈ ਸਭ ਤੋਂ ਜ਼ਰੂਰੀ ਚੀਜ਼ ਕੀ ਹੈ?

a) ਕੁਦਰਤੀ ਸਾਧਨਾਂ ਦਾ ਸੰਰਖਣ
b) ਵਧੇਰੇ ਉਤਪਾਦਨ

c) ਵਿਦੇਸ਼ੀ ਨਿਵੇਸ਼
d) ਉਦਯੋਗੀਕਰਨ

ਉੱਤਰ: a) ਕੁਦਰਤੀ ਸਾਧਨਾਂ ਦਾ ਸੰਰਖਣ

**ਖਾਲੀ ਥਾਵਾਂ:**

1) ਟਿਕਾਊ ਵਿਕਾਸ ਦੀ ਧਾਰਨਾ ਦੀ ਵਰਤੋਂ ਸਭ ਤੋਂ ਪਹਿਲਾਂ ___ਸਾਲ ਵਿੱਚ ਕੀਤੀ ਗਈ ਸੀ। ਉੱਤਰ: 1980

2. ਆਰਥਿਕ ਵਿਕਾਸ ਦੇ ਮਾਪ ਲਈ ____ ਇਕ ਮਹੱਤਵਪੂਰਨ ਮਾਪਦੰਡ ਹੈ। ਉੱਤਰ: ਪ੍ਰਤੀ ਵਿਅਕਤੀ ਆਮਦਨੀ

3. ਮੌਤ ਦਰ ਨੂੰ ਆਮ ਤੌਰ 'ਤੇ ਹਰ ____ ਲੋਕਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਨਾਲ ਮਾਪਿਆ ਜਾਂਦਾ ਹੈ।

ਉੱਤਰ: 1000

4) 2011 ਦੀ ਜਨਗਣਨਾ ਦੇ ਮੁਤਾਬਿਕ ਭਾਰਤ ਵਿੱਚ ਲਿੰਗ ਅਨੁਪਾਤ __ ਸੀ। ਉੱਤਰ: 943

5) 2011 ਦੀ ਜਨਮ ਮੁਤਾਬਕ ਭਾਰਤ ਦੀ __ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਸੀ। ਉੱਤਰ:21.9%

**ਸਹੀ ਗਲਤ:**

1)ਰਾਸ਼ਟਰੀ ਆਮਦਨੀ ਆਰਥਿਕ ਵਿਕਾਸ ਦਾ ਇੱਕ ਸੂਚਕ ਹੈ।(✓)

2). ਉੱਚ ਮੌਤ ਦਰ ਦੇਸ਼ ਦੇ ਵਿਕਾਸ ਦਾ ਚਿੰਨ੍ਹ ਹੁੰਦਾ ਹੈ। (×)

3) ਆਰਥਿਕ ਵਿਕਾਸ ਦਾ ਮਤਲਬ ਹੈ ਲੋਕਾਂ ਦੇ ਜੀਵਨ ਪੱਧਰ ਵਿਚ ਸੁਧਾਰ। (✓)

4) ਬਿਹਾਰ ਵਿੱਚ ਲਿੰਗ ਅਨੁਪਾਤ ਇਸਤਰੀਆਂ ਦੇ ਹੱਕ ਵਿੱਚ ਹੈ। (×)

5) ਆਰਥਿਕ ਵਾਧਾ ਤੇ ਆਰਥਿਕ ਵਿਕਾਸ ਸਮਾਨਾਰਥੀ ਸ਼ਬਦ ਹਨ। (×)

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਪ੍ਰਸ਼ਨ:**

1) ਟਿਕਾਊ ਵਿਕਾਸ ਤੋਂ ਕੀ ਭਾਵ ਹੈ?

ਉੱਤਰ: ਇਹ ਇੱਕ ਅਜਿਹੀ ਵਿਕਾਸ ਪ੍ਰਕਿਰਿਆ ਹੈ ਜੋ ਵਾਤਾਵਰਨੀ ਸਾਧਨਾਂ ਦੀ ਮਾਤਰਾ ਤੇ ਗੁਣਵੱਤਾ ਨੂੰ ਨੁਕਸਾਨ ਪਹੁੰਚਾਏ ਬਿਨਾਂ ਵਿਕਾਸ ਪ੍ਰਕਿਰਿਆ ਨੂੰ ਯਕੀਨੀ ਬਣਾਉਂਦੀ ਹੈ।

2) ਪ੍ਰਤੀ ਵਿਅਕਤੀ ਆਮਦਨ ਤੋਂ ਕੀ ਭਾਵ ਹੈ?

ਉੱਤਰ: ਪ੍ਰਤੀ ਵਿਅਕਤੀ ਆਮਦਨ ਤੋਂ ਭਾਵ ਇੱਕ ਵਿਅਕਤੀ ਦੀ ਔਸਤ ਆਮਦਨ ਤੋਂ ਹੈ।

3) ਸ਼ਿਸ਼ੂ ਮੌਤ ਦਰ ਤੋਂ ਕੀ ਭਾਵ ਹੈ?

ਉੱਤਰ: ਇਸ ਤੋਂ ਭਾਵ ਇਕ ਸਾਲ ਦੇ ਜੀਵਨ ਸਮਾਂ ਪੂਰਾ ਹੋਣ ਤੋਂ ਪਹਿਲਾਂ ਪ੍ਰਤੀ 1000 ਨਵੇਂ ਜੰਮੇ ਬੱਚਿਆਂ ਦੇ ਪਿੱਛੇ ਮਰ ਜਾਣ ਵਾਲੇ ਬੱਚਿਆਂ ਦੀ ਗਿਣਤੀ ਤੋਂ ਹੁੰਦਾ ਹੈ।

4) ਲਿੰਗਅਨੁਪਾਤ ਤੋਂ ਕੀ ਭਾਵ ਹੈ?

ਉੱਤਰ: ਲਿੰਗ ਅਨੁਪਾਤ ਤੋਂ ਭਾਵ ਪ੍ਰਤੀ ਹਜ਼ਾਰ ਪੁਰਸ਼ਾਂ ਦੇ ਪਿੱਛੇ ਇਸਤਰੀਆਂ ਦੀ ਸੰਖਿਆ ਤੋਂ ਹੈ।

5)PQLI ਦਾ ਪੂਰਾ ਨਾਮ ਕੀ ਹੈ?

ਉੱਤਰ: ਸਰੀਰਕ ਜੀਵਨ ਗੁਣਵੱਤਾ ਸੂਚਕਾਂਕ

## ਪਾਠ 3

## ਮੁਦਰਾ ਅਤੇ ਵਿੱਤੀ ਪ੍ਰਣਾਲੀ

**ਬਹੁ ਵਿਕਲਪੀ ਪ੍ਰਸ਼ਨ ਉੱਤਰ:**

1)ਉਸ ਪ੍ਰਣਾਲੀ ਦਾ ਨਾਮ ਦੱਸੋ ਜਿਸ ਵਿਸ਼ ਵਸਤੂਆਂ ਦਾ ਵਟਾਂਦਰਾ ਵਸਤੂਆਂ ਨਾਲ ਹੁੰਦਾ ਹੈ ?

ਉੱਤਰ: a) ਵਿੱਤੀ ਪ੍ਰਣਾਲੀ b) ਮੁਦਰਾ ਪ੍ਰਣਾਲੀ

c)ਵਸਤੂ ਵਟਾਂਦਰਾ ਪ੍ਰਣਾਲੀ d)ਉਧਾਰ ਪ੍ਰਣਾਲੀ

ਉੱਤਰ: c) ਵਸਤੂ ਵਟਾਂਦਰਾ ਪ੍ਰਣਾਲੀ

2. ਭਾਰਤ ਵਿੱਚ ਨੋਟ ਜਾਰੀ ਕਰਨ ਵਾਲੀ ਮੁੱਖ ਸੰਸਥਾ ਦਾ ਨਾਮ ਕੀ ਹੈ?

a)ਸਟੇਟ ਬੈਂਕ ਆਫ ਇੰਡੀਆ b)ਰਿਜਰਵ ਬੈਂਕ ਆਫ ਇੰਡੀਆ

c)ਪੰਜਾਬ ਨੈਸ਼ਨਲ ਬੈਂਕ d) ਵਿੱਤ ਮੰਤਰਾਲਾ

ਉੱਤਰ: b) ਰਿਜ਼ਰਵ ਬੈਂਕ ਆਫ ਇੰਡੀਆ

3.ਲੋਕਾਂ ਦੀਆਂ ਰੋਜ਼ਾਨਾ ਜਰੂਰਤਾਂ ਪੂਰੀਆਂ ਕਰਨ ਲਈ ਲੋੜੀਂਦੇ ਧਨ ਨੂੰ ਕੀ ਕਿਹਾ ਜਾਂਦਾ ਹੈ?

a) ਉਧਾਰ b) ਕਾਰਜਸ਼ੀਲ ਪੂੰਜੀ

c) ਬੈਂਕਿੰਗ d)ਮੁਦਰਾ

ਉੱਤਰ: d)ਮੁਦਰਾ

4. ਪੈਸਾ ਮੁੱਖ ਤੌਰ ਤੇ ਕਿਸ ਕੰਮ ਲਈ ਵਰਤਿਆ ਜਾਂਦਾ ਹੈ?

a) ਸੰਚਾਰ ਦਾ ਸਾਧਨ b) ਵਟਾਂਦਰੇ ਦਾ ਸਾਧਨ

c) ਊਰਜਾ ਦਾ ਸਾਧਨ d) ਮਨੋਰੰਜਨ ਦਾ ਸਾਧਨ

ਉੱਤਰ : b) ਵਟਾਂਦਰੇ ਦਾ ਸਾਧਨ

5. ਸ਼ਾਹੂਕਾਰ ,ਵਪਾਰੀ , ਰਿਸ਼ਤੇਦਾਰ ਤੇ ਦੋਸਤ ਕਰਜ਼ਾ ਦੇਣ ਵਾਲੀ ਕਿਸ ਪ੍ਰਕਾਰ ਦੀ ਸੰਸਥਾਵਾਂ ਹਨ?

a) ਗੈਰ ਰਸਮੀ ਸਰੋਤ b) ਰਸਮੀ ਸਰੋਤ

c) ਸਹਿਕਾਰੀ d) ਕੋਆਪਰੇਟਿਵ

ਉੱਤਰ-a) ਗੈਰ ਰਸਮੀ ਸਰੋਤ

ਖਾਲੀ ਥਾਵਾਂ ਭਰੋ:

1)ਕਾਗਜ਼ੀ ਨੋਟਾਂ ਤੇ ਸਿੱਕਿਆਂ ਨੂੰ ____ਕਿਹਾ ਜਾਂਦਾ ਹੈ। (ਕਰੰਸੀ)

2) ਮੁਦਰਾ ਸ਼ਬਦ ____ਸ਼ਬਦ ਤੋਂ ਲਿਆ ਗਿਆ ਹੈ। (ਮੋਨੇਟਾ )

3) ਸਾਖ ਦਾ ਅਰਥ ਹੈ___। (ਉਧਾਰ)

**ਸਹੀ/ ਗਲਤ:**

1)ਬੈਂਕਾਂ ਵਿੱਚ ਡਿਮਾਂਡ ਡਿਪੋਜਿਟ ਚੈੱਕ ਰਾਹੀਂ ਕੱਢੇ ਜਾ ਸਕਦੇ ਹਨ। (✓)

2)ਭਾਰਤ ਵਿੱਚ ਸਿਰਫ ਐਸ ਬੀ ਆਈ ਹੀ ਨੋਟ ਜਾਰੀ ਕਰਦਾ ਹੈ। (×)

3)ਵਸਤੂ ਵਟਾਂਦਰਾ ਪ੍ਰਣਾਲੀ ਵਿੱਚ ਵਸਤੂਆਂ ਲਈ ਵਸਤੂਆਂ ਦਾ ਲੈਣ ਦੇਣ ਕੀਤਾ ਜਾਂਦਾ ਹੈ। (✓)

4) ਮੁਦਰਾ ਦੇ ਆਧੁਨਿਕ ਰੂਪ ਵਿੱਚ ਸਿਰਫ ਕਾਗਜੀ ਨੋਟ ਸ਼ਾਮਿਲ ਕੀਤੇ ਜਾਂਦੇ ਹਨ । (×)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

1) ਉਧਾਰ ਦੇ ਗੈਰ ਰਸਮੀ ਸਰੋਤ ਕਿਹੜੇ ਕਿਹੜੇ ਹਨ?

ਉੱਤਰ: ਇਸ ਵਿੱਚ ਸ਼ਾਹੂਕਾਰ, ਵਪਾਰੀ, ਮਾਲਕ ,ਰਿਸ਼ਤੇਦਾਰ ਤੇ ਦੋਸਤ ਸ਼ਾਮਿਲ ਹਨ।

2)ਕੇਂਦਰੀ ਬੈਂਕ ਦੇ ਕੀ ਕੰਮ ਹੁੰਦੇ ਹਨ?

ਉੱਤਰ: ਕੇਂਦਰੀ ਬੈਂਕ ਦੇ ਮੁੱਖ ਕੰਮ ਹੇਠ ਲਿਖੇ ਹਨ:

i) ਨੋਟ ਜਾਰੀ ਕਰਨਾ,

ii) ਸਰਕਾਰ ਦੇ ਬੈਂਕ ਦੇ ਦੌਰ ਤੇ ਕੰਮ ਕਰਨਾ।

iii) ਬੈਂਕ ਪ੍ਰਣਾਲੀ ਦੀ ਨਿਗਰਾਨੀ ਕਰਨਾ।

iv) ਵਿਦੇਸ਼ੀ ਮੁਦਰਾ ਭੰਡਾਰ ਦੀ ਰਖਵਾਲੀ ਕਰਨਾ।

3)ਮੁਦਰਾ ਦੇ ਮੁੱਖ ਕੰਮ ਕਿਹੜੇ ਕਿਹੜੇ ਹਨ?

ਉੱਤਰ: ਮੁਦਰਾ ਦੇ ਮੁੱਖ ਕੰਮ ਹਨ:

i)ਵਟਾਂਦਰੇ ਦਾ ਮਾਧਿਅਮ

ii) ਮੁੱਲ ਦਾ ਮਾਪ

iii) ਮੁਲਤਵੀ ਭੁਗਤਾਨ ਦਾ ਮਾਨਕ

iv) ਮੁੱਲ ਦਾ ਭੰਡਾਰ

## ਪਾਠ 4 - ਭਾਰਤੀ ਅਰਥ ਵਿਵਸਥਾ ਵਿੱਚ ਸੇਵਾ ਖੇਤਰ:

ਬਹੁ ਵਿਕਲਪੀ ਪ੍ਰਸ਼ਨ (MCQ Questions)

1) ਉਹ ਖੇਤਰ ਜੋ ਉਤਪਾਦਨ ਕਰਨ ਲਈ ਕੁਦਰਤੀ ਸਾਧਨਾਂ ਦੀ ਵਰਤੋਂ ਕਰਦਾ ਹੈ, ਉਸ ਨੂੰ ਕਿਹੜਾ ਖੇਤਰ ਕਿਹਾ ਜਾਂਦਾ ਹੈ?

a) ਪ੍ਰਾਥਮਿਕ ਖੇਤਰ b)ਸੇਵਾ ਖੇਤਰ

c) ਗੌਣ ਖੇਤਰ d)ਸੰਗਠਿਤ ਖੇਤਰ

ਉੱਤਰ: a) ਪ੍ਰਾਥਮਿਕ ਖੇਤਰ

2) ਕਿਹੜੇ ਖੇਤਰ ਨੂੰ ਤੀਜਾ ਖੇਤਰ (Tertiary Sector) ਵੀ ਕਿਹਾ ਜਾਂਦਾ ਹੈ?

a) ਪ੍ਰਾਇਮਰੀ ਖੇਤਰ b) ਸਕੈਂਡਰੀ ਖੇਤਰ

c) ਸੇਵਾ ਖੇਤਰ d) ਉਦਯੋਗਿਕ ਖੇਤਰ

ਉੱਤਰ: c) ਸੇਵਾ ਖੇਤਰ

3) ਸੇਵਾ ਖੇਤਰ ਦੀ ਮੁੱਖ ਵਿਸ਼ੇਸ਼ਤਾ ਕੀ ਹੈ?

a) ਵਸਤੂਆਂ ਦਾ ਉਤਪਾਦਨ b) ਸੇਵਾਵਾਂ ਦੀ ਪ੍ਰਦਾਨਗੀ

c) ਕੁਦਰਤੀ ਸਰੋਤਾਂ ਦੀ ਖੋਜ d) ਉਤਪਾਦਾਂ ਦਾ ਨਿਰਮਾਣ

ਉੱਤਰ: b) ਸੇਵਾਵਾਂ ਦੀ ਪ੍ਰਦਾਨਗੀ

4) ਭਾਰਤ ਵਿੱਚ ਕਿਸ ਤਰ੍ਹਾਂ ਦੇ ਅਰਥ ਵਿਵਸਥਾ ਹੈ?

a) ਸਰਕਾਰੀ ਅਰਥ ਵਿਵਸਥਾ b) ਨਿਜੀ ਅਰਥ ਵਿਵਸਥਾ

c) ਮਿਸ਼ਰਿਤ ਅਰਥ ਵਿਵਸਥਾ d) ਕੋਈ ਨਹੀਂ

ਉੱਤਰ : ਮਿਸ਼ਰਿਤ ਅਰਥ ਵਿਵਸਥਾ

5) ਭਾਰਤ ਦੀ ਜਨਸੰਖਿਆ ਦੀ ਸਲਾਨਾ ਵਾਧਾ ਦਰ ਕਿੰਨੇ ਪ੍ਰਤੀਸ਼ਤ ਹੈ?

a)1.6 b)1.7

c)1.8 d)1.9

ਉੱਤਰ b) 1.7%

ਖਾਲੀ ਥਾਵਾਂ:

1) ਨਿਜੀ ਖੇਤਰ ਨੂੰ _______ ਖੇਤਰ ਵੀ ਕਿਹਾ ਜਾਂਦਾ ਹੈ। ਉੱਤਰ: ਪੂੰਜੀਵਾਦੀ ਖੇਤਰ

2) ਸਰਵਜਨਕ ਖੇਤਰ ਨੂੰ _______ ਖੇਤਰ ਵੀ ਕਿਹਾ ਜਾਂਦਾ ਹੈ। ਉੱਤਰ :ਸਰਕਾਰੀ ਖੇਤਰ

3)ਮਲਕੀਅਤ ਦੇ ਆਧਾਰ ਤੇ ਅਰਥ ਵਿਵਸਥਾ ________ ਤਰ੍ਹਾਂ ਦੀ ਹੁੰਦੀ ਹੈ? ਉੱਤਰ: ਤਿੰਨ ਤਰ੍ਹਾਂ ਦੀ।

4) ਕਿਸੇ ਦੇਸ਼ ਵਿੱਚ ਮੌਜੂਦ ਅਨੁਭਵੀ ਅਤੇ ਕਾਬਲ ਲੋਕਾਂ ਦੇ ਭੰਡਾਰ ਨੂੰ ___ ਪੂੰਜੀ ਕਿਹਾ ਜਾਂਦਾ ਹੈ।

ਉੱਤਰ: ਮਨੁੱਖੀ ਪੂੰਜੀ

5) ________ ਖੇਤਰ ਵਿੱਚ ਸਿਰਫ ਲਾਭ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੰਮ ਕਰਦਾ ਹੈ। ਉੱਤਰ: ਨਿੱਜੀ ਖੇਤਰ

ਸਹੀ ਗਲਤ:

1) ਸਰਕਾਰੀ ਖੇਤਰ ਲੋਕਾਂ ਦੇ ਕਲਿਆਣ ਦੇ ਉਦੇਸ਼ ਲਈ ਕੰਮ ਕਰਦਾ ਹੈ। (✓)

2) ਪੇਂਡੂ ਕਿਰਿਆਵਾਂ ਜਿਵੇਂ ਮੱਛੀ ਪਾਲਣ, ਵਣ, ਖੇਤੀ ਅਤੇ ਡੇਰੀ ਫਾਰਮਿੰਗ ਪ੍ਰਾਥਮਿਕ ਖੇਤਰ ਕਿਰਿਆਵਾਂ ਹਨ।(✓)

3) ਵਰਤਮਾਨ ਸਮੇਂ ਵਿੱਚ ਸਰਕਾਰ ਦੁਆਰਾ ਆਪਣੇ ਕੁੱਲ ਘਰੇਲੂ ਉਤਪਾਦਨ ਦਾ ਲਗਭਗ 5% ਹਿੱਸਾ ਸਿੱਖਿਆ ਅਤੇ ਸਿਹਤ ਤੇ ਖਰਚ ਕੀਤਾ ਜਾ ਰਿਹਾ ਹੈ| (×)

4) ਸਰਬਜਨਕ ਖੇਤਰ ਨੂੰ ਨਿਜੀ ਖੇਤਰ ਵੀ ਕਿਹਾ ਜਾਂਦਾ ਹੈ? (×)

ਛੋਟੇ ਉੱਤਰਾਂ ਵਾਲੇ ਪ੍ਰਸ਼ਨ :

1) ਅਰਥਵਿਵਸਥਾ ਤੋਂ ਕੀ ਭਾਵ ਹੈ?

ਉੱਤਰ: ਅਰਥ ਵਿਵਸਥਾ ਤੋਂ ਭਾਵ ਅਜਿਹੇ ਪ੍ਰਬੰਧ ਤੋਂ ਹੈ ਜਿਸ ਦੇ ਮੁਤਾਬਕ ਵੱਖ-ਵੱਖ ਤਰ੍ਹਾਂ ਦੀਆਂ ਆਰਥਿਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ।

2) ਕੁਝ ਜਾਨਲੇਵਾ ਬਿਮਾਰੀਆਂ ਦੀ ਸੂਚੀ ਤਿਆਰ ਕਰੋ।

ਉੱਤਰ:ਕਰੋਨਾ, ਏਡਸ, ਕੈਂਸਰ,ਹੈਜਾ ਆਦਿ।

3) ਮਨੁੱਖੀ ਪੂੰਜੀ ਤੋਂ ਕੀ ਭਾਵ ਹੈ?

ਉੱਤਰ: ਮਨੁੱਖੀ ਪੂੰਜੀ ਤੋਂ ਭਾਵ ਕਿਸੇ ਦੇਸ਼ ਵਿੱਚ ਕੁਸ਼ਲ ਅਤੇ ਯੋਗ ਵਿਅਕਤੀਆਂ ਦੇ ਕੁੱਲ ਭੰਡਾਰ ਤੋਂ ਹੈ।

4) ਸਰਕਾਰੀ ਖੇਤਰਾਂ ਦੀਆਂ ਉਦਾਹਰਨਾਂ ਦਿਓ।

ਉੱਤਰ: ਰੇਲਵੇ ,ਸਿੱਖਿਆ, ਸਿਹਤ ਅਤੇ ਊਰਜਾ ਆਦਿ ਖੇਤਰ।

5) ਕਿਹੜਾ ਖੇਤਰ ਪ੍ਰਾਥਮਿਕ ਖੇਤਰ ਅਤੇ ਗੌਣ ਖੇਤਰ ਨੂੰ ਆਪਣੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਕਿਵੇਂ?

ਉੱਤਰ: ਸੇਵਾ ਖੇਤਰ ਪ੍ਰਾਰਥਮਿਕ ਖੇਤਰ ਅਤੇ ਗੌਣ ਖੇਤਰ ਨੂੰ ਆਪਣੀਆਂ ਵਸਤੂਆਂ ਬਣਾਉਣ ਅਤੇ ਉਹਨਾਂ ਦੀ ਵੰਡ ਕਰਨ ਲਈ ਆਪਣੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ।

## ਪਾਠ -5

## ਵਿਸ਼ਵੀਕਰਨ

I. Multiple Choice Questions (MCQs)

(ਹਰੇਕ ਪ੍ਰਸ਼ਨ ਲਈ ਸਹੀ ਵਿਕਲਪ ਚੁਣੋ)

1) ਉਹ ਵਪਾਰ ਜੋ ਦੇਸ਼ਾਂ ਵਿਚਕਾਰ ਹੁੰਦਾ ਹੈ ਨੂੰ ਕੀ ਕਹਿੰਦੇ ਹਨ?

a) ਵਿਦੇਸ਼ੀ ਵਪਾਰ

b)ਖੇਤਰੀ ਵਪਾਰ

c) ੳਅਤੇ ਅ ਦੋਵੇਂ

d)ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:a) ਵਿਦੇਸ਼ੀ ਵਪਾਰ।

2) MNC ਦਾ ਪੂਰਾ ਨਾਮ ਕੀ ਹੈ?

a) Multi National Company

b) Multi National Corporation

c) Multiple National Committee

d) Modern National Company

ਉੱਤਰ: b) Multi National Corporation

3) ਵਿਸ਼ਵੀਕਰਨ ਦਾ ਮੁੱਖ ਉਦੇਸ਼ ਕੀ ਹੈ?

a) ਸਿਰਫ ਸਿੱਖਿਆ ਫੈਲਾਉਣਾ

b) ਵਿਦੇਸ਼ੀ ਵਪਾਰ ਤੇ ਨਿਵੇਸ਼ ਵਧਾਉਣਾ

c) ਖੇਤੀਬਾੜੀ ਘਟਾਉਣਾ

d) ਮੁੱਹਲਾ ਵਿਕਸਿਤ ਕਰਨਾ

ਉੱਤਰ: b) ਵਿਦੇਸ਼ੀ ਵਪਾਰ ਤੇ ਨਿਵੇਸ਼ ਵਧਾਉਣਾ

4)ਕਿਸ ਸਾਲ ਵਿੱਚ ਭਾਰਤ ਨੇ ਨਵੀਂ ਵਿਦੇਸ਼ ਵਪਾਰ ਨੀਤੀ ਲਾਗੂ ਕੀਤੀ ਸੀ?

a) 1947

b) 1971

c) 1991

d) 2001

ਉੱਤਰ: c) 1991

5)ਭਾਰਤ ਵਿਸ਼ਵ ਵਪਾਰ ਸੰਗਠਨ ਦਾ ਮੈਂਬਰ ਕਦੋਂ ਬਣਿਆ?

a)ਇਕ ਜਨਵਰੀ 1994

b)1 ਜਨਵਰੀ 1995

c) 1 ਜਨਵਰੀ 1996

d)ਇੱਕ ਜਨਵਰੀ 1997

ਉੱਤਰ: b)1 ਜਨਵਰੀ 1995

(ਖਾਲੀ ਥਾਂ ਭਰੋ)

1. ਵਿਸ਼ਵੀਕਰਨ ਦਾ ਅਰਥ ਹੈ _____ ਦਾ ਵਿਸ਼ਵ ਪੱਧਰ 'ਤੇ ਮਿਲਾਪ। ਉੱਤਰ: ਅਰਥਵਿਵਸਥਾ

2.ਭਾਰਤ ਨੇ ਨਵੀਂ ਆਰਥਿਕ ਨੀਤੀ ਨੂੰ __ ਸਾਲ ਵਿੱਚ ਅਪਣਾਇਆ। ਉੱਤਰ: 1991

3. ਭਾਰਤ ਵਿੱਚ ਵਿਦੇਸ਼ੀ ਵਪਾਰ ਨੀਤੀ _____ ਵਿੱਚ ਲਾਗੂ ਕੀਤੀ ਗਈ ਸੀ। ਉੱਤਰ: 1991

4. ਰਾਜਕੋਸ਼ੀ ਘਾਟਾ____ ਦੇ ਖਜ਼ਾਨੇ ਦਾ ਘਾਟਾ ਹੁੰਦਾ ਹੈ। ਉੱਤਰ: ਸਰਕਾਰ

5. ਨਿਆਂਪੂਰਨ ਵਿਸ਼ਵੀਕਰਨ ਦਾ ਉਦੇਸ਼ _____ ਦੇਸ਼ਾਂ ਨੂੰ ਸਮਾਨ ਮੌਕੇ ਦੇਣਾ ਹੈ। ਉੱਤਰ: ਸਾਰੇ

ਸਹੀ ਗਲਤ:

(ਸਹੀ ਜਾਂ ਗਲਤ)

1. ਵਿਸ਼ਵੀਕਰਨ ਨਾਲ ਸਿਰਫ ਵਿਕਸਿਤ ਦੇਸ਼ਾਂ ਨੂੰ ਹੀ ਫਾਇਦਾ ਹੁੰਦਾ ਹੈ।(×)

2. MNC ਆਪਣਾ ਉਤਪਾਦ ਵੱਖ-ਵੱਖ ਦੇਸ਼ਾਂ ਵਿੱਚ ਬਣਾਉਂਦੀਆਂ ਹਨ।(✓)

3. 1991 ਵਿੱਚ ਭਾਰਤ ਨੇ ਆਰਥਿਕ ਸੁਧਾਰ ਲਾਗੂ ਕੀਤੇ।(✓)

4. ਵਿਦੇਸ਼ੀ ਵਪਾਰ ਨਾਲ ਦੇਸ਼ਾਂ ਵਿਚਕਾਰ ਸਬੰਧ ਘਟਦੇ ਹਨ।(×)

5. ਭਾਰਤ ਨੇ ਨਵੀਂ ਆਰਥਿਕ ਨੀਤੀ ਨੂੰ 1995 ਵਿੱਚ ਅਪਣਾਇਆ ।(×)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

1)MNC ਕੀ ਹੁੰਦੀ ਹੈ?

ਉੱਤਰ: ਉਹ ਕੰਪਨੀਆਂ ਜੋ ਇੱਕ ਤੋਂ ਵੱਧ ਦੇਸ਼ਾਂ ਵਿੱਚ ਉਤਪਾਦਨ ਕਰਦੀਆਂ ਹਨ, ਉਹਨਾਂ ਨੂੰ MNC ਕਿਹਾ ਜਾਂਦਾ ਹੈ।

2). ਵਿਸ਼ਵੀਕਰਨ ਦੀ ਲੋੜ ਕਿਉਂ ਪਈ?

ਉੱਤਰ: ਵਿਸ਼ਵੀਕਰਨ ਦੀ ਲੋੜ ਵਪਾਰ, ਨਿਵੇਸ਼, ਅਤੇ ਤਕਨਾਲੋਜੀ ਦੇ ਅਦਾਨ-ਪ੍ਰਦਾਨ ਲਈ ਪਈ ਤਾਂ ਜੋ ਆਰਥਿਕ ਵਿਕਾਸ ਹੋ ਸਕੇ।

3). ਵਿਸ਼ਵੀਕਰਨ ਦੇ ਦੋ ਪ੍ਰਭਾਵ ਦੱਸੋ।

ਉੱਤਰ: (a) ਨਵੀਂ ਤਕਨਾਲੋਜੀ ਦੀ ਆਮਦ। (b) ਛੋਟੇ ਉਦਯੋਗਾਂ ਦਾ ਨੁਕਸਾਨ।

4). ਭਾਰਤ ਦੀ ਵਿਦੇਸ਼ ਵਪਾਰ ਨੀਤੀ ਦਾ ਮੁੱਖ ਉਦੇਸ਼ ਕੀ ਸੀ?

ਉੱਤਰ: ਭਾਰਤੀ ਅਰਥਵਿਵਸਥਾ ਨੂੰ ਵਿਸ਼ਵ ਬਜ਼ਾਰ ਨਾਲ ਜੋੜਨਾ ਅਤੇ ਵਿਦੇਸ਼ੀ ਨਿਵੇਸ਼ ਵਧਾਉਣਾ।

5)ਰਾਜਕੋਸ਼ੀ ਘਾਟੇ ਤੋਂ ਕੀ ਭਾਵ ਹੈ ?

ਉੱਤਰ: ਰਾਜਕੋਸ਼ੀ ਘਾਟਾ ਸਰਕਾਰ ਦੇ ਖਜ਼ਾਨੇ ਦਾ ਘਾਟਾ ਹੁੰਦਾ ਹੈ।

## Lesson 6 : ਉਪਭੋਗਤਾ ਸੋਸ਼ਣ ਅਤੇ ਸਰੰਖਣ

### ਬਹੁ ਵਿਕਲਪੀ ਪ੍ਰਸ਼ਨ

1. ਹੇਠਾਂ ਦਿੱਤਿਆਂ ਵਿੱਚੋਂ ਕਿਹੜਾ ਉਪਭੋਗਤਾ ਦੇ ਸ਼ੋਸ਼ਣ ਦਾ ਉਦਾਹਰਨ ਹੈ?

(a) ਚੰਗੀ ਗੁਣਵੱਤਾ ਵਾਲਾ ਸਮਾਨ ਮਿਲਣਾ (b) ਵਾਜਬ ਕੀਮਤਾਂ ਦੇਣਾ

(c) ਮਿਆਦ ਪੂਰੀ ਹੋਇਆ ਸਮਾਨ ਵੇਚਣਾ (d) ਸਮਾਨ ਦਾ ਇਮਾਨਦਾਰ ਤੌਰ ਤੇ ਤੋਲਣਾ

ਉੱਤਰ: (c) ਮਿਆਦ ਪੂਰੀ ਹੋਇਆ ਸਮਾਨ ਵੇਚਣਾ

2. ਭਾਰਤ ਵਿੱਚ ਉਪਭੋਗਤਾ ਸੁਰੱਖਿਆ ਅਧਿਨਿਯਮ ਕਦੋਂ ਪਾਸ ਕੀਤਾ ਗਿਆ ਸੀ?

(a) 1980 (b) 1986

(c) 1991 (d) 2000

ਉੱਤਰ: (b) 1986

3. ਉਪਭੋਗਤਾ ਜਾਗਰੂਕਤਾ ਦਾ ਪ੍ਰਤੀਕ ਕੀ ਹੈ?

(a) ISI (b) AGMARK

(c) ਜਾਗੋ ਗ੍ਰਾਹਕ ਜਾਗੋ (d) RBI

ਉੱਤਰ: (c) ਜਾਗੋ ਗ੍ਰਾਹਕ ਜਾਗੋ

4. ਭਾਰਤ ਵਿੱਚ ਖਾਦ ਪਦਾਰਥਾਂ ਉੱਤੇ ਕਿਹੜਾ ਨਿਸ਼ਾਨ ਵਰਤਿਆ ਜਾਂਦਾ ਹੈ?

(a) ISI (b) FPO

(c) AGMARK (d) BIS

ਉੱਤਰ: (c) AGMARK

5. ISI ਨਿਸ਼ਾਨ ਕੀ ਯਕੀਨੀ ਬਣਾਉਂਦਾ ਹੈ?

(a) ਉੱਚੀ ਕੀਮਤ (b) ਘੱਟ ਗੁਣਵੱਤਾ

(c) ਮਿਆਰੀ ਗੁਣਵੱਤਾ ਵਾਲੇ ਉਤਪਾਦ (d) ਆਯਾਤ ਕੀਤੇ ਸਮਾਨ

ਉੱਤਰ: (c) ਮਿਆਰੀ ਗੁਣਵੱਤਾ ਵਾਲੇ ਉਤਪਾਦ

B. ਖਾਲੀ ਥਾਵਾਂ ਭਰੋ (Fill in the Blanks)

1. ISI ਦਾ ਪੂਰਾ ਨਾਂ ______ ਹੈ। ਉੱਤਰ: ਇੰਡਿਅਨ ਸਟੈਂਡਰਡਸ ਇੰਸਟੀਚਿਊਟ

2. ਉਪਭੋਗਤਾ ਜਾਗਰੂਕਤਾ ਲਈ ਨਾਅਰਾ ______ ਹੈ। ਉੱਤਰ: ਜਾਗੋ ਗ੍ਰਾਹਕ ਜਾਗੋ

3) ਭਾਰਤ ਵਿੱਚ ਉਪੋਗਤਾ ਅਧਿਕਾਰ ਦਿਵਸ ......... ਨੂੰ ਮਨਾਇਆ ਜਾਂਦਾ ਹੈ। ਉਤਰ:24 ਦਸੰਬਰ।

4) ਇੱਕ ਉਪਭੋਗਤਾ ਦੇ ...... ਅਧਿਕਾਰ ਹੁੰਦੇ ਹਨ। ਉੱਤਰ: 6.

5) ਇੱਕ ਉਪਭੋਗਤਾ ਦੇ .....ਕਰਤਵ ਹੁੰਦੇ ਹਨ। ਉੱਤਰ: 6.

ਸਹੀ ਜਾਂ ਗਲਤ

1. ਉਪਭੋਗਤਾਵਾਂ ਨੂੰ ਸੁਰੱਖਿਆ ਦਾ ਅਧਿਕਾਰ ਹੈ। (✓)
2. AGMARK ਬਿਜਲੀ ਦੇ ਸਮਾਨ ਲਈ ਵਰਤੀ ਜਾਂਦੀ ਹੈ। (×)
3. ਉਪਭੋਗਤਾ ਦਾ ਸ਼ੋਸ਼ਣ ਦਾ ਅਰਥ ਹੈ ਉਪਭੋਗਤਾਵਾਂ ਨੂੰ ਪੂਰੀ ਤਸੱਲੀ ਦੇਣਾ। (×)
4. ਭਾਰਤ ਵਿੱਚ ਉਪਭੋਗਤਾ ਅਦਾਲਤਾਂ ਦੇ ਤਿੰਨ ਪੱਧਰ ਹਨ। (✓)
5. ਹਰ ਉਪਭੋਗਤਾ ਨੂੰ ਖਰੀਦ ਤੋਂ ਬਾਅਦ ਨਕਦ ਪੱਕੀ ਰਸੀਦ ਮਿਲਣੀ ਚਾਹੀਦੀ ਹੈ।(✓)

ਛੋਟੇ ਉੱਤਰ ਵਾਲੇ ਪ੍ਰਸ਼ਨ

1. ਉਪਭੋਗਤਾ ਕੌਣ ਹੈ?

   ਉੱਤਰ: ਉਪਭੋਗਤਾ ਉਹ ਵਿਅਕਤੀ ਹੈ ਜੋ ਆਪਣੀ ਇੱਛਾਵਾਂ ਨੂੰ ਸਿੱਧੇ ਤੌਰ ਤੇ ਸੰਤੁਸ਼ਟ ਕਰਨ ਲਈ ਵਸਤੂਆਂ ਦਾ ਉਪਭੋਗ ਜਾਂ ਵਰਤੋਂ ਕਰਦਾ ਹੈ।

2. ਉਪਭੋਗਤਾ ਦਾ ਸ਼ੋਸ਼ਣ ਕੀ ਹੁੰਦਾ ਹੈ?

   ਉੱਤਰ: ਜਦੋਂ ਵਿਕਰੇਤਾ ਉਪਭੋਗਤਾਵਾਂ ਨੂੰ ਵੱਧ ਕੀਮਤਾਂ ਲਾ ਕੇ ਜਾਂ ਘੱਟ ਗੁਣਵੱਤਾ ਵਾਲਾ ਸਮਾਨ ਵੇਚ ਕੇ ਠੱਗਦੇ ਹਨ, ਤਾਂ ਇਸਨੂੰ ਉਪਭੋਗਤਾ ਦਾ ਸ਼ੋਸ਼ਣ ਕਹਿੰਦੇ ਹਨ।

3. ਉਪਭੋਗਤਾ ਸੁਰੱਖਿਆ ਅਧਿਨਿਯਮ 1986 ਦਾ ਮੁੱਖ ਉਦੇਸ਼ ਕੀ ਹੈ?

ਉੱਤਰ - ਉਪਭੋਗਤਾਵਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਲਈ ਕਾਨੂੰਨੀ ਪ੍ਰਬੰਧ ਮੁਹੱਈਆ ਕਰਵਾਉਣਾ।

4. ਉਪਭੋਗਤਾਵਾਂ ਦੇ ਦੋ ਅਧਿਕਾਰ ਦੱਸੋ।

ਉੱਤਰ - ੳ) ਸੁਰੱਖਿਆ ਦਾ ਅਧਿਕਾਰ

ਅ) ਜਾਣਕਾਰੀ ਦਾ ਅਧਿਕਾਰ)

5. ਭਾਰਤ ਵਿੱਚ ਉਪਭੋਗਤਾ ਅਦਾਲਤਾਂ ਦੇ ਤਿੰਨ ਪੱਧਰਾਂ ਦੇ ਨਾਂ ਦੱਸੋ।

ਉੱਤਰ - ਜ਼ਿਲ੍ਹਾ ਫੋਰਮ

ਰਾਜ ਕਮਿਸ਼ਨ

ਰਾਸ਼ਟਰੀ ਕਮਿਸ਼ਨ

## ਪਾਠ 7- ਵਿੱਤੀ ਜਾਗਰੂਕਤਾ

ਬਹੁ ਵਿਕਲਪੀ ਪ੍ਰਸ਼ਨ

1) ਬੰਬੇ ਸਟੋਕ ਐਕਸਚੇਂਜ ਦੀ ਸਥਾਪਨਾ ਕਦੋਂ ਹੋਈ?

a)1880 b) 1980

c)1875 d)1975

ਉੱਤਰ: c)1875

2) ਨੈਸ਼ਨਲ ਸਟਾਕ ਐਕਸਚੇਂਜ ਦੀ ਸਥਾਪਨਾ ਕਦੋਂ ਹੋਈ?

a)1875 b)1992

c)1892 d)1975

ਉੱਤਰ: b)1992

3) ਦੁਨੀਆਂ ਦੀ 10ਵੀਂ ਸਭ ਤੋਂ ਵੱਡੀ ਸਟੋਕ ਐਕਸਚੇਂਜ ਕਿਹੜੀ ਹੈ?

a)ਮਦਰਾਸ ਸਟਾਕ ਐਕਸਚੇਂਜ b) ਦਿੱਲੀ ਸਟਾਕ ਐਕਸਚੇਂਜ

c)ਬੰਬੇ ਸਟਾਕ ਐਕਸਚੇਂਜ d)ਕਲਕੱਤਾ ਸਟਾਕ ਐਕਸਚੇਂਜ

ਉੱਤਰ: c) ਬੰਬੇ ਸਟਾਕ ਐਕਸਚੇਂਜ।

4) ਹੇਠ ਵਿੱਚੋਂ ਕਿਹੜਾ ਬੀਮੇ ਦਾ ਇਕ ਲਾਭ ਹੈ ?

a)ਇਹ ਜੋਖਮ ਦੇ ਸਮੇਂ ਸੁਰੱਖਿਆ ਪ੍ਰਦਾਨ ਕਰਦਾ ਹੈ।

b) ਇਹ ਸ਼ੇਅਰਾਂ ਦੀ ਖਰੀਦ ਵੇਚ ਵਿੱਚ ਮਦਦ ਕਰਦਾ ਹੈ।

c) ਇਸ ਤੋਂ ਇਲਾਵਾ ਵਿਅਕਤੀ ਜਦੋਂ ਚਾਹੇ ਧਨ ਪ੍ਰਾਪਤ ਕਰ ਸਕਦਾ ਹੈ।

d) ਇਸ ਨਾਲ ਵਿਅਕਤੀ ਕੋਲ ਧਨ ਦੀ ਕਮੀ ਨਹੀਂ ਰਹਿੰਦੀ।

ਉੱਤਰ : a)ਇਹ ਜੋਖਮ ਦੇ ਸਮੇਂ ਸੁਰੱਖਿਆ ਪ੍ਰਦਾਨ ਕਰਦਾ ਹੈ

5) ਬੰਬੇ ਸਟਾਕ ਐਕਸਚੇਂਜ ਦੇ ਉਤਾਰ ਚੜਾਵ ਨੂੰ ਕਿਹੜੀ ਏਜੰਸੀ ਦੁਆਰਾ ਮਾਪਿਆ ਜਾਂਦਾ ਹੈ?

ਉੱਤਰ :a)ਨਿਫਟੀ b)ਸੈਂਸੈਕਸ

c) ਰਾਸ਼ਟਰੀ ਸਟਾਕ ਮਾਰਕੀਟ d) ਬੰਬੇ ਸਟਾਕ ਐਕਸਚੇਂਜ

ਉੱਤਰ: b)ਸੈਂਸੈਕਸ

**ਸਹੀ ਗਲਤ:**

1) ਬੰਬੇ ਸਟਾਕ ਐਕਸਚੇਂਜ ਦੀ ਸਥਾਪਨਾ 1975 ਵਿੱਚ ਹੋਈ ਸੀ। (✓)

2) ਰਾਸ਼ਟਰੀ ਸਟਾਕ ਐਕਸਚੇਂਜ ਦੁਨੀਆਂ ਦੀ ਬਾਰਵੀਂ ਸਭ ਤੋਂ ਵੱਡੀ ਸਟਾਫ ਐਕਸਚੇਂਜ ਹੈ। (✓)

3) ਬੀਤੀ ਜਾਗਰੂਕਤਾ ਦਾ ਅਰਥ ਪੈਸੇ ਦੀ ਬੇਲਗਾਮ ਖਰਚ ਕਰਨਾ ਹੈ। (×)

4) ਬੀਮਾ ਕੰਪਨੀ ਬੀਮਾ ਕਰਵਾਉਣ ਵਾਲੇ ਵਿਅਕਤੀ / ਫਰਮ ਜਾਂ ਸੰਸਥਾ ਨੂੰ ਵਿੱਤੀ ਸੁਰੱਖਿਆ ਪ੍ਰਦਾਨ ਕਰਵਾਈ ਜਾ ਸਕੇ। (✓)

5)ਸਟਾਕ ਐਕਸਚੇਂਜ ਬਾਜ਼ਾਰ ਵਿੱਚ ਸਿਰਫ ਵੱਡੇ ਨਿਵੇਸ਼ ਕਰਤਾ ਹੀ ਨਿਵੇਸ਼ ਕਰ ਸਕਦੇ ਹਨ।(×)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

1)ਵਿੱਤੀ ਜਾਗਰੂਕਤਾ ਕੀ ਹੁੰਦੀ ਹੈ?

ਉੱਤਰ :ਵਿੱਤੀ ਜਾਗਰੂਕਤਾ ਦਾ ਮਤਲਬ ਪੈਸੇ ਦੀ ਸਹੀ ਸਮਝ, ਇਸਦੀ ਬਚਤ, ਨਿਵੇਸ਼ ਅਤੇ ਵਰਤੋਂ ਬਾਰੇ ਗਿਆਨ ਹੋਣਾ ਹੈ।

2)ਵਿੱਤੀ ਜਾਗਰੂਕਤਾ ਕਿਉਂ ਜ਼ਰੂਰੀ ਹੈ?

ਉੱਤਰ:ਵਿੱਤੀ ਜਾਗਰੂਕਤਾ ਨਾਲ ਲੋਕ ਆਪਣੇ ਪੈਸੇ ਦੀ ਸਹੀ ਯੋਜਨਾ, ਬਚਤ ਅਤੇ ਨਿਵੇਸ਼ ਕਰ ਸਕਦੇ ਹਨ ਅਤੇ ਧੋਖਾਧੜੀ ਤੋਂ ਬਚ ਸਕਦੇ ਹਨ।

3)ਬੀਮੇ ਤੋਂ ਕੀ ਭਾਵ ਹੈ?

ਉੱਤਰ: ਬੀਮੇ ਤੋਂ ਭਾਵ ਉਸ ਸਮਝੌਤੇ ਤੋਂ ਹੈ ਜਿਸ ਅਨੁਸਾਰ ਕੰਪਨੀ ਉਸ ਵਿਅਕਤੀ ਫਰਮ ਜਾਂ ਕੰਪਨੀ ਜਿਸਨੇ ਬੀਮਾ ਕਰਵਾਇਆ ਹੁੰਦਾ ਹੈ ਉਸ ਨੂੰ ਕਿਸੇ ਤਰ੍ਹਾਂ ਦੇ ਨੁਕਸਾਨ, ਬਿਮਾਰੀ ਜਾਂ ਮੌਤ ਹੋਣ ਤੇ ਨਿਸ਼ਚਿਤ ਰਕਮ ਦਾ ਭੁਗਤਾਨ ਕਰਨ ਦਾ ਯਕੀਨ ਪ੍ਰਦਾਨ ਕਰਦੀ ਹੈ।

4) ਨਿਫਟੀ ਦਾ ਪੂਰਾ ਨਾਮ ਕੀ ਹੈ ਇਸ ਦੀ ਵਰਤੋਂ ਕਿਸ ਕੰਮ ਲਈ ਕੀਤੀ ਜਾਂਦੀ ਹੈ?

ਉੱਤਰ: ਨਿਫਟੀ ਦਾ ਪੂਰਾ ਨਾਮ ਨੈਸ਼ਨਲ ਸਟਾਕ ਐਕਸਚੇਂਜ ਫਿਫਟੀ ਹੈ ।ਇਸ ਦੀ ਵਰਤੋਂ ਰਾਸ਼ਟਰੀ ਸਟਾਕ ਐਕਸਚੇਂਜ ਵਿੱਚ ਆਉਣ ਵਾਲੇ ਉਤਾਰ ਚੜ੍ਹਾਅ ਦਾ ਪਤਾ ਕਰਨ ਲਈ ਕੀਤੀ ਜਾਂਦੀ ਹੈ।

5)ਭਾਰਤ ਦੇ ਦੋ ਮੁੱਖ ਸਟਾਕ ਐਕਸਚੇਂਜ ਬਾਜ਼ਾਰਾਂ ਦੇ ਨਾਮ ਲਿਖੋ।

ਉੱਤਰ:1) ਬੰਬੇ ਸਟਾਫ ਐਕਸਚੇਂਜ 2)ਰਾਸ਼ਟਰੀ ਸਟਾਕ ਐਕਸਚੇਂਜ ।

ਖਾਲੀ ਥਾਵਾਂ:

1) ਬੀਮੇ ਤੋਂ ਭਾਵ ਉਸ ____ ਤੋਂ ਹੈ ਜੋ ਕਿ ਬੀਮਾ ਕੰਪਨੀ ਤੇ ਬੀਮਾ ਲੈਣ ਵਾਲੇ ਵਿਅਕਤੀ ਵਿਚਾਲੇ ਹੁੰਦਾ ਹੈ। ਉੱਤਰ: ਸਮਝੌਤੇ

2) ਰਾਸ਼ਟਰੀ ਸਟੋਕ ਐਕਸਚੇਂਜ ਬਾਜ਼ਾਰ _____ਸ਼ਹਿਰ ਵਿੱਚ ਸਥਿਤ ਹੈ। ਉੱਤਰ: ਮੁੰਬਈ

3) ਸਟਾਕ ਐਕਸਚੇਂਜ ਬਾਜ਼ਾਰ ਵਿੱਚ ਨਿਵੇਸ਼ ਕਰਦੇ ਸਮੇਂ ____ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਉੱਤਰ: ਜੋਖਮ

(ਇਤਿਹਾਸ)

**ਪਾਠ 01**

## ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਉਹਨਾਂ ਦਾ ਇਸ ਦੇ ਇਤਿਹਾਸ ਤੇ ਪ੍ਰਭਾਵ

### PART –1 ਸਹੀ ਉੱਤਰ ਚੁਣੋ (ਬਹੁ- ਵਿਕਲਪੀ ਪ੍ਰਸ਼ਨ ਉੱਤਰ)

1- ਪੰਜਾਬ ਭਾਰਤ ਦੀ ਕਿਸ ਦਿਸ਼ਾ ਵੱਲ ਸਥਿਤ ਹੈ?

(ੳ) ਉੱਤਰ-ਪੱਛਮ (ਅ) ਦੱਖਣ-ਪੂਰਬ

(ੲ) ਉੱਤਰ-ਪੂਰਬ (ਸ) ਦੱਖਣ-ਪੱਛਮ

**ਉੱਤਰ: ਉੱਤਰ-ਪੱਛਮ**

2. ਕਿਸ ਮੁਗ਼ਲ ਬਾਦਸ਼ਾਹ ਨੇ ਪੰਜਾਬ ਨੂੰ ਦੁਆਬਿਆਂ ਵਿੱਚ ਵੰਡਿਆ ਸੀ?

(ੳ) ਜਹਾਂਗੀਰ **(ਅ) ਅਕਬਰ**

(ੲ) ਹੰਮਾਯੂ (ਸ) ਔਰੰਗਜ਼ੇਬ

**ਉੱਤਰ: (ਅ) ਅਕਬਰ**

3. ਪੰਜਾਬ ਕਿਸ ਭਾਸ਼ਾ ਦਾ ਸ਼ਬਦ ਹੈ?

(ੳ) ਅਰਬੀ (ਅ) ਹਿੰਦੀ

(ੲ) ਫ਼ਾਰਸੀ (ਸ) ਪੰਜਾਬੀ

**ਉੱਤਰ: (ੲ)** ਫ਼ਾਰਸੀ

4. ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਕੀ ਕਿਹਾ ਜਾਂਦਾ ਹੈ?

(ੳ) ਪਹਾੜ (ਅ) ਬੰਨ੍ਹ

(ੲ) ਦੁਆਬ (ਸ) ਉਪਰੋਕਤ ਸਾਰੇ

**ਉੱਤਰ: (ੲ) ਦੁਆਬ**

5. ਭੂਗੋਲਿਕ ਦ੍ਰਿਸ਼ਟੀਕੋਣ ਤੋਂ ਪੰਜਾਬ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਹੈ?

ੳ) ਦੋ **(ਅ) ਤਿੰਨ**

(ੲ) ਚਾਰ (ਸ) ਪੰਜ

**ਉੱਤਰ: (ਅ) ਤਿੰਨ**

## PART- 2 (A) ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ-

ਪ੍ਰਸ਼ਨ 01. ਪੰਜਾਬ ਸ਼ਬਦ ਕਿਸ ਭਾਸ਼ਾ ਦੇ ਸੁਮੇਲ ਤੋਂ ਬਣਿਆ ਹੋਇਆ ਹੈ?

ਉੱਤਰ: ਫ਼ਾਰਸੀ

ਪ੍ਰਸ਼ਨ02 ਪੁਰਾਤਨ ਪੰਜਾਬ ਦੇ ਕਿਹੜੇ ਦਰਿਆ ਹਨ , ਜਿਹਨਾਂ ਕਰਕੇ ਇਸ ਦਾ ਨਾਮ ਪੰਜਾਬ ਪਿਆ?

ਉੱਤਰ: ਚਨਾਬ, ਜਿਹਲਮ, ਰਾਵੀ, ਬਿਆਸ ਅਤੇ ਸਤਲੁਜ

ਪ੍ਰਸ਼ਨ 03. ਵਰਤਮਾਨ ਸਮੇਂ ਪਾਣੀਪਤ ਕਿਸ ਰਾਜ ਵਿੱਚ ਹੈ?

ਉੱਤਰ ਵਰਤਮਾਨ ਸਮੇਂ ਪਾਣੀਪਤ ਹਰਿਆਣਾ ਰਾਜ ਵਿੱਚ ਹੈ।

## PART 2 B ਖ਼ਾਲੀ ਸਥਾਨ ਭਰੋ।

(1) ਭਾਸ਼ਾ ਦੇ ਆਧਾਰ ਤੇ ਪੰਜਾਬ ਦਾ ਪੁਨਰਗਠਨ__________ਵਿੱਚ ਕੀਤਾ ਗਿਆ।

(2) ਪਾਕਿਸਤਾਨ ਵਿੱਚਲੇ ਪੰਜਾਬ ਨੂੰ _____________ਕਿਹਾ ਜਾਂਦਾ ਹੈ।

(3) ਪੰਜਾਬ ਨੂੰ ਰਮਾਇਣ ਅਤੇ ਮਹਾਂ ਭਾਰਤ ਸਮੇਂ______________ ਕਿਹਾ ਜਾਂਦਾ ਸੀ।

**ਉੱਤਰ: (1) 1966 (2) ਪੱਛਮੀ ਪੰਜਾਬ (3) ਪੰਚਨਦ**

## PART- 2 C. ਸਹੀ ਜਾਂ ਗ਼ਲਤ ਚੁਣੋ

(1) ਪੰਜਾਬ ਦੀਆਂ ਹੱਦਾਂ ਅਕਸਰ ਬਦਲਦੀਆਂ ਰਹੀਆਂ ਹਨ। (✓)

(2) 1947 ਈ. ਵਿਚ ਪੰਜਾਬ ਨੂੰ ਅੰਗਰੇਜ਼ਾਂ ਨੇ ਵੰਡ ਦਿੱਤਾ ਸੀ। (✓)

(3) ਹੁਣ ਪੰਜਾਬ ਵਿੱਚ ਕੋਈ ਦਰਿਆ ਨਹੀਂ ਵਗਦਾ। (×)

**PART –2 (D) ਸਹੀ ਮਿਲਾਣ ਕਰੋ।**

| | A | | B |
|---|---|---|---|
| 1. | ਪੰਜਾਬ | A. | ਪਾਕਿਸਤਾਨ |
| 2. | ਭਾਰਤ ਦੀ ਪੱਛਮ ਦਿਸ਼ਾ ਵਿੱਚ | B. | ਪੰਜ+ਆਬ |
| 3. | ਟੋਚੀ ਅਤੇ ਬੋਲਾਨ | C. | ਦੋਆਬ |
| 4. | ਦੋ ਦਰਿਆਵਾਂ ਵਿਚਕਾਰਲਾ ਇਲਾਕਾ | D. | ਮਹਾਂਕਾਵਿ |
| 5. | ਮਹਾਂਭਾਰਤ,ਰਮਾਇਣ | E. | ਦੱਰ੍ਹੇ |

**ਉੱਤਰਮਾਲਾ:**

| | | | |
|---|---|---|---|
| 1. | ਪੰਜਾਬ | = | ਪੰਜ + ਆਬ |
| 2. | ਭਾਰਤ ਦੀ ਪੱਛਮ ਦਿਸ਼ਾ | = | ਪਾਕਿਸਤਾਨ |
| 3. | ਟੋਚੀ ਅਤੇ ਬੋਲਾਨ | = | ਦੱਰ੍ਹੇ |
| 4. | ਦੋ ਦਰਿਆਵਾਂ ਵਿਚਕਾਰਲਾ ਇਲਾਕਾ | = | ਦੋਆਬ |
| 5. | ਮਹਾਂਭਾਰਤ,ਰਮਾਇਣ | = | ਮਹਾਂਕਾਵਿ |

**PART – 3 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ**

**ਪ੍ਰਸ਼ਨ 1.** ਹਿਮਾਲਿਆ ਦੀਆਂ ਪਹਾੜੀਆਂ ਦੇ ਕੋਈ ਤਿੰਨ ਲਾਭ ਲਿਖੋ।

ਉੱਤਰ 1. ਪੰਜਾਬ ਦੇ ਦਰਿਆਵਾਂ ਵਿੱਚ ਸਾਰਾ ਸਾਲ ਪਾਣੀ ਹਿਮਾਲਿਆ ਦੀਆਂ ਪਹਾੜੀਆਂ ਤੋਂ ਹੀ ਆਉਂਦਾ ਹੈ। ਇਸੇ ਕਰਕੇ ਪੰਜਾਬ ਦੀ ਧਰਤੀ ਉਪਜਾਊ ਹੈ।

2. ਪੰਜਾਬ ਦੀ ਧਰਤੀ ਉਪਜਾਊ ਹੋਣ ਕਾਰਨ ਇੱਥੋਂ ਦੇ ਲੋਕ ਖੁਸ਼ਹਾਲ ਹਨ।

3. ਹਿਮਾਲਿਆ ਪਰਬਤਾਂ ਦੇ ਸੰਘਣੇ ਜੰਗਲਾਂ ਤੋਂ ਸਾਨੂੰ ਜੜੀਆਂ ਬੂਟੀਆਂ ਅਤੇ ਲੱਕੜ ਪ੍ਰਾਪਤ ਹੁੰਦੀ ਹੈ।

**ਪ੍ਰਸ਼ਨ 2**. ਪੰਜਾਬ ਦੇ ਦਰਿਆਵਾਂ ਨੇ ਇਸਦੇ ਇਤਿਹਾਸ ਤੇ ਕੀ ਪ੍ਰਭਾਵ ਪਾਇਆ ਹੈ ?

ਉੱਤਰ - 1. ਇਹ ਦਰਿਆ ਸਾਰਾ ਸਾਲ ਵਗਦੇ ਰਹਿਣ ਕਰਕੇ, ਦੋ ਸੂਬਿਆਂ ਵਿੱਚਕਾਰ ਸੀਮਾ ਦਾ ਕੰਮ ਦਿੰਦੇ ਰਹੇ।

2. ਕਈ ਵਾਰ ਇਹਨਾਂ ਦਰਿਆਵਾਂ ਨੇ ਬਾਹਰੀ ਹਮਲਾਵਰਾਂ ਨੂੰ ਰੋਕਣ ਦਾ ਕੰਮ ਵੀ ਕੀਤਾ ਹੈ।

3. ਦਰਿਆਵਾਂ ਰਾਹੀਂ ਵਪਾਰ ਵੀ ਹੁੰਦਾ ਸੀ। ਇਸ ਕਰਕੇ ਪੰਜਾਬ ਦੀ ਆਰਥਿਕ ਦਸ਼ਾ ਵੀ ਸੁਧਰੀ।

**PART – 4 ਸਰੋਤ ਅਧਾਰਿਤ ਪ੍ਰਸ਼ਨ**

**ਹੇਠਾਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ-**

ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਦੀ ਧਰਤੀ ਹਮੇਸ਼ਾ ਯੁੱਧ ਭੂਮੀ ਬਣੀ ਰਹੀ ਹੈ। ਸਮੇਂ ਸਮੇਂ ਦੀਆਂ ਹਕੂਮਤਾਂ ਨੇ ਇਸ ਨੂੰ ਵੰਡਿਆ ਅਤੇ ਇਸ ਦੀ ਭੂਗੋਲਿਕ ਸਥਿਤੀ ਬਦਲਦੀ ਰਹੀ। ਪੰਜਾਬ ਦੀ ਵੱਡੀ ਵੰਡ ਅੰਗਰੇਜ਼ਾਂ ਵਲੋਂ 1947 ਵਿੱਚ ਕੀਤੀ ਗਈ। ਪੰਜਾਬ ਦਾ ਇੱਕ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ।ਜਿਸ ਨੂੰ ਪੱਛਮੀ ਪੰਜਾਬ ਕਿਹਾ ਜਾਂਦਾ ਹੈ। ਦੂਜਾ ਹਿੱਸਾ ਭਾਰਤ ਵਿੱਚ ਰਿਹਾ । ਇਸ ਨੂੰ ਪੂਰਬੀ ਪੰਜਾਬ ਕਹਿੰਦੇ ਹਨ। ਇਸ ਮਗਰੋਂ ਪੰਜਾਬੀ ਭਾਸ਼ਾ ਦੇ ਆਧਾਰ ਤੇ 1966 ਵਿੱਚ ਪੰਜਾਬ ਫਿਰ ਵੰਡਿਆ ਗਿਆ। ਪੰਜ ਦਰਿਆਵਾਂ ਦੀ ਧਰਤੀ ਹੁਣ ਨਾਮ ਦਾ ਪੰਜਾਬ ਰਹਿ ਗਿਆ ਹੈ। ਕਿਸੇ ਸਮੇਂ ਇੱਥੇ ਸੱਤ ਦਰਿਆ ਵਗਦੇ ਸਨ। ਉਸ ਵੇਲੇ ਇਸ ਨੂੰ ਸਪਤ ਸਿੰਧੂ ਕਿਹਾ ਜਾਂਦਾ ਸੀ। ਪੰਜਾਬ ਦੀ ਧਰਤੀ ਉਪਜਾਊ ਹੋਣ ਕਾਰਨ ਪੰਜਾਬੀ ਲੋਕ ਖੁਸ਼ਹਾਲ ਮੰਨੇ ਜਾਂਦੇ ਹਨ। ਪੰਜਾਬ ਦੇ ਦਰਿਆਵਾਂ ਨੇ ਇਸ ਧਰਤੀ ਉੱਤੇ ਚੰਗਾ ਪ੍ਰਭਾਵ ਪਾਇਆ ਹੈ। ਕਈ ਵਾਰ ਦਰਿਆ

ਪੰਜਾਬ ਦੀ ਹੱਦ ਬਣੇ। ਮਹਾਰਾਜਾ ਰਣਜੀਤ ਸਿੰਘ ਵੇਲੇ ਸਤਲੁਜ ਦਰਿਆ ਪੰਜਾਬ ਦੀ ਹੱਦ ਦਾ ਕੰਮ ਕਰਦਾ ਸੀ।ਅੱਜ ਵੀ ਰਾਵੀ ਦਰਿਆ ਦਾ ਕੁਝ ਹਿੱਸਾ ਭਾਰਤ ਪਾਕਿਸਤਾਨ ਹੱਦ ਦਾ ਕੰਮ ਕਰ ਰਿਹਾ ਹੈ। ਉਂਝ ਹਿਮਾਲਿਆ ਪਰਬਤ ਵੀ ਇਸ ਦੀ ਹੱਦ ਦਾ ਕੰਮ ਕਰਦਾ ਰਿਹਾ ਹੈ। ਇਹਨਾਂ ਦਰਿਆਵਾਂ ਦੀ ਲਿਆਂਦੀ ਮਿੱਟੀ ਕਾਰਨ ਹੀ ਇਸ ਦੀ ਧਰਤੀ ਖੇਤੀਬਾੜੀ ਪੱਖੋਂ ਖ਼ੁਸ਼ਹਾਲ ਰਹੀ ਹੈ। ਖ਼ੁਸ਼ਹਾਲ ਸੂਬਾ ਹੋਣ ਕਰਕੇ ਹਾਕਮਾਂ ਦੀ ਇਸ ਤੇ ਹਮੇਸ਼ਾ ਅੱਖ ਰਹੀ ਹੈ। ਇਸੇ ਕਰਕੇ ਪੰਜਾਬ ਬਹੁਤ ਸਮਾਂ ਵਿਦੇਸ਼ੀ ਹਾਕਮਾਂ ਦੇ ਅਧੀਨ ਰਿਹਾ ਹੈ। ਇਸ ਕਰਕੇ ਇਸ ਖ਼ੁਸ਼ਹਾਲ ਸੂਬੇ ਨੂੰ ਉਹਨਾਂ ਖ਼ੂਬ ਲੁੱਟਿਆ ਹੈ।

ਪ੍ਰਸ਼ਨ 01. ਪੰਜਾਬ ਦੀ ਧਰਤੀ ਯੁੱਧ ਭੂਮੀ ਕਿਉਂ ਰਹੀ ਹੈ?

ਉੱਤਰ: ਪੰਜਾਬ ਦੀ ਧਰਤੀ ਸਰਹੱਦੀ ਸੂਬਾ ਹੋਣ ਕਾਰਨ ਹਮੇਸ਼ਾ ਯੁੱਧ ਭੂਮੀ ਰਹੀ ਹੈ।

ਪ੍ਰਸ਼ਨ 02. ਅੰਗਰੇਜ਼ਾਂ ਨੇ ਪੰਜਾਬ ਦੀ ਵੰਡ ਕਦੋਂ ਕੀਤੀ?

ਉੱਤਰ: ਅੰਗਰੇਜਾਂ ਨੇ ਪੰਜਾਬ ਦੀ ਵੰਡ 1947 ਵਿੱਚ ਕੀਤੀ।

ਪ੍ਰਸ਼ਨ03. ਭਾਸ਼ਾ ਦੇ ਆਧਾਰ ਤੇ ਪੰਜਾਬ ਦੀ ਵੰਡ ਕਦੋਂ ਹੋਈ?

ਉੱਤਰ: ਭਾਸ਼ਾ ਦੇ ਆਧਾਰ ਤੇ ਪੰਜਾਬ ਦੀ ਵੰਡ 1966 ਵਿੱਚ ਹੋਈ।

## ਪਾਠ 02

# ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ਦੀ ਰਾਜਨੀਤਕ ਅਤੇ ਸਮਾਜਿਕ ਅਵਸਥਾ

## PART –1 ਸਹੀ ਉੱਤਰ ਚੁਣੋ (ਬਹੁ- ਵਿਕਲਪੀ ਪ੍ਰਸ਼ਨ ਉੱਤਰ)

1. ਕਿਸ ਨੇ ਦੌਲਤ ਖ਼ਾਨ ਲੋਧੀ ਨੂੰ ਕੇਂਦਰੀ ਪੰਜਾਬ ਦਾ ਨਿਜ਼ਾਮ ਬਣਾਇਆ?

ੳ) ਸਿਕੰਦਰ ਲੋਧੀ ਅ) ਬਹਿਲੋਲ ਲੋਧੀ

**ੲ) ਇਬਰਾਹਿਮ ਲੋਧੀ** ਸ) ਤਾਤਾਰ ਲੋਧੀ

**ਉੱਤਰ: ੲ) ਇਬਰਾਹਿਮ ਲੋਧੀ**

2 ਸਭ ਤੋਂ ਪਹਿਲਾਂ ਬਾਬਰ ਕਦੋਂ ਪੰਜਾਬ ਆਇਆ?

**ੳ) 1519 ਈ.** ਅ) 1526 **ਈ**.

ੲ) 1522 **ਈ**. ਸ) 1517 **ਈ**.

**ਉੱਤਰ: ੳ) 1519 ਈ.**

3 ਬਾਬਰ ਦੇ ਜ਼ੁਲਮਾਂ ਬਾਰੇ ਗੁਰੂ ਨਾਨਕ ਦੇਵ ਜੀ ਨੇ ਕਿਸ ਵਿੱਚ ਲਿਖਿਆ?

**ੳ) ਬਾਬਰੀ ਬਾਣੀ** ਅ) ਜਪੁਜੀ ਸਾਹਿਬ

ੲ) ਜਫਰਨਾਮਾ ਸ) ਜਾਪ ਸਾਹਿਬ

**ਉੱਤਰ: ੳ) ਬਾਬਰੀ ਬਾਣੀ**

4. ਮੁਸਲਿਮ ਸਮਾਜ ਕਿੰਨੇ ਵਰਗਾਂ ਵਿੱਚ ਵੰਡਿਆ ਹੋਇਆ ਸੀ?

ੳ) 2 ਅ) 3

ੲ) 4 ਸ) 5

**ਉੱਤਰ:** ਅ) 3

5 ਉੱਚ ਵਰਗ ਕਿਸ ਕਿਸਮ ਦੇ ਗਹਿਣੇ ਪਹਿਨਦਾ ਸੀ?

ੳ) ਸੋਨਾ　　　　ਅ) ਚਾਂਦੀ

ੲ) ਹੀਰੇ　　　　ਸ) **ਉਪਰੋਕਤ ਸਾਰੇ**

**ਉੱਤਰ: ਸ) ਉਪਰੋਕਤ ਸਾਰੇ**

## PART- 2 (A) ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ।

ਪ੍ਰਸ਼ਨ 01. ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ?

ਉੱਤਰ: ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਨੂੰ ਹੋਇਆ।

ਪ੍ਰਸ਼ਨ 02. ਮੁਸਲਮਾਨਾਂ ਵਿੱਚ ਉਲਮਾ ਕੌਣ ਸਨ?

ਉੱਤਰ: ਮੁਸਲਮਾਨਾਂ ਵਿੱਚ ਉਲਮਾ ਧਾਰਮਿਕ ਸ਼੍ਰੇਣੀ ਦੇ ਨੇਤਾ ਸਨ।

ਪ੍ਰਸ਼ਨ 03. ਮੁਸਲਮਾਨਾਂ ਵਿੱਚ ਨਿਆਂ ਕੌਣ ਕਰਦੇ ਸਨ?

ਉੱਤਰ: ਮੁਸਲਮਾਨਾਂ ਵਿੱਚ ਨਿਆਂ ਕਾਜ਼ੀ ਕਰਦੇ ਸਨ।

## PART – 2 B ਖ਼ਾਲੀ ਸਥਾਨ ਭਰੋ

(1) ਗੁਰੂ ਨਾਨਕ ਸਮੇਂ ਪੰਜਾਬ ਦੀ ਸਮਾਜਿਕ ਦਸ਼ਾ ਬਹੁਤ __________ ਸੀ।

(2) ਸਿਕੰਦਰ ਲੋਧੀ__________ ਦਾ ਪੁੱਤਰ ਸੀ।

(3) ਬਾਬਰ ਨੇ ਪੰਜਾਬ ____________ਵਿੱਚ ਹਮਲਾ ਕੀਤਾ।

(4) ਮੁਸਲਮਾਨ ਇਸਤਰੀਆਂ ਪਰਦਾ ਕਰਨ ਲਈ ______________ਪਹਿਨਦੀਆਂ ਸਨ।

**ਉੱਤਰ: (1) ਮਾੜੀ　(2) ਬਹਿਲੋਲ ਖਾਂ ਲੋਧੀ　(3) 1525 ਈ.　(4 ) ਬੁਰਕਾ**

## PART – 2 ( C) ਪ੍ਰਸ਼ਨ ਸਹੀ ਜਾਂ ਗ਼ਲਤ ਚੁਣੋ

1) ਹਿੰਦੂ ਦਾ ਭੋਜਨ ਸਾਦਾ ਅਤੇ ਵੈਸ਼ਨੂੰ ਹੁੰਦਾ ਸੀ। (✓)

2) ਹਿੰਦੂ ਲੋਕ ਵਹਿਮ ਭਰਮ ਨਹੀਂ ਕਰਦੇ।(×)

3) ਹਿੰਦੂ ਧਰਮ ਵਿੱਚ ਸਤੀ ਪ੍ਰਥਾ ਦਾ ਰਿਵਾਜ਼ ਸੀ। (✓)

## PART –2 (D) ਸਹੀ ਮਿਲਾਣ ਕਰੋ।

| | | | |
|---|---|---|---|
| ੳ. | ਗੁਰੂ ਨਾਨਕ ਦੇਵ ਜੀ ਦਾ ਜਨਮ | ੳ. | ਸਿਕੰਦਰ ਲੋਧੀ |
| ਅ. | ਲੋਧੀ ਖਾਨਦਾਨ ਦਾ ਪ੍ਰਸਿੱਧ ਬਾਦਸ਼ਾਹ | ਅ | 1469 **ਈ.** |
| ੲ. | ਹਜ਼ਰਤ ਮੁਹੰਮਦ ਦੀ ਪੁੱਤਰੀ | ੲ. | ਬੀਬੀ ਫਾਤਿਮਾ |

**ਉੱਤਰਮਾਲਾ**

| | | | |
|---|---|---|---|
| ੳ. | ਗੁਰੂ ਨਾਨਕ ਦੇਵ ਜੀ ਦਾ ਜਨਮ | = | 1469 **ਈ.** |
| ਅ. | ਲੋਧੀ ਖਾਨਦਾਨ ਦਾ ਪ੍ਰਸਿੱਧ ਬਾਦਸ਼ਾਹ | = | ਸਿਕੰਦਰ ਲੋਧੀ |
| ੲ. | ਹਜ਼ਰਤ ਮੁਹੰਮਦ ਦੀ ਪੁੱਤਰੀ | = | ਬੀਬੀ ਫਾਤਿਮਾ |

## PART – 3 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ

ਪ੍ਰਸ਼ਨ 1. ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਪਹਿਲਾਂ ਦੇ ਸਮੇਂ ਹਿੰਦੂ ਸਮਾਜ ਬਾਰੇ ਲਿਖੋ।

ਉੱਤਰ - ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦਾ ਹਿੰਦੂ ਸਮਾਜ - ਬਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ ਜਾਤੀਆਂ ਵਿਚ ਵੰਡਿਆ ਹੋਇਆ ਸੀ | ਇਹਨਾਂ ਜਾਤਾਂ ਤੋਂ ਇਲਾਵਾ ਹੋਰ ਕਈ ਉਪ ਜਾਤਾਂ ਪੈਦਾ ਹੋ ਚੁੱਕੀਆਂ ਸਨ।ਬਾਹਮਣ ਸੁਆਰਥੀ ਬਣ ਚੁੱਕੇ ਸਨ। ਉਹਨਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚ ਫਸਾ ਦਿੱਤਾ ਸੀ। ਵੈਸ਼ ਅਤੇ ਕਸ਼ਤਰੀਆਂ ਦੀ ਹਾਲਤ ਠੀਕ ਸੀ। ਉਸ ਕਾਲ ਵਿਚ ਸ਼ੂਦਰਾਂ ਦੀ ਹਾਲਤ ਬਹੁਤ ਖਰਾਬ ਸੀ।

ਪ੍ਰਸ਼ਨ 2. ਮੁਸਲਮਾਨ ਸਮਾਜ ਵਿਚ ਗੁਲਾਮ ਸ਼੍ਰੇਣੀ ਦਾ ਵਰਣਨ ਕਰੋ।

ਉੱਤਰ - ਮੁਸਲਮਾਨ ਸਮਾਜ ਵਿਚ ਗੁਲਾਮਾਂ ਦਾ ਸਭ ਤੋਂ ਨੀਵਾਂ ਦਰਜਾ ਸੀ। ਗੁਲਾਮ ਲੜਾਈ ਦੇ ਮੈਦਾਨ ਵਿਚ ਦੁਸ਼ਮਣ ਦੇ ਹਾਰੇ ਹੋਏ ਬੰਦੇ ਹੁੰਦੇ ਸਨ | ਜਾਂ ਫਿਰ ਇਹਨਾਂ ਨੂੰ ਹੋਰ ਦੇਸ਼ਾ ਵਿਚੋਂ ਲਿਆਇਆ ਜਾਂਦਾ। ਹਿਜੜੇ (ਖੁਸਰੇ) ਗੁਲਾਮ ਬੇਗਮਾਂ ਦੀ ਸੇਵਾ ਵਿਚ ਲਗਾਏ ਜਾਂਦੇ। ਗੁਲਾਮ ਆਪਣੀ ਬਹਾਦੁਰੀ ਅਤੇ ਚਤੁਰਾਈ ਦਿਖਾ ਕੇ ਉੱਚੀ ਪਦਵੀ ਲੈ ਸਕਦੇ ਸਨ ਅਤੇ ਗੁਲਾਮੀ ਤੋਂ ਛੁਟਕਾਰਾ ਪਾ ਸਕਦੇ ਸਨ। ਸਧਾਰਨ ਮੁਸਲਮਾਨ ਮਾਸਾਹਾਰੀ ਸਨ। ਕਣਕ ਦੀ ਰੋਟੀ ਅਤੇ ਭੁੰਨਿਆ ਹੋਇਆ ਮਾਸ ਉਹਨਾਂ ਦਾ ਰੋਜ਼ ਦਾ ਭੋਜਨ ਸੀ| ਕਾਮਿਆਂ ਵਿਚ ਭੋਜਨ ਨਾਲ ਲੱਸੀ ਪੀਣ ਦਾ ਵੀ ਰਿਵਾਜ਼ ਸੀ।

## PART –4 ਸਰੋਤ ਅਧਾਰਿਤ ਪ੍ਰਸ਼ਨ

## ਹੇਠਾਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ-

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ਦੀ ਰਾਜਨੀਤਕ ਵਿਵਸਥਾ ਬਹੁਤੀ ਚੰਗੀ ਨਹੀਂ ਸੀ। ਇਥੋਂ ਦੇ ਸ਼ਾਸਕ ਕਮਜ਼ੋਰ ਸਨ। ਜਿਸ ਕਾਰਨ ਇਸ ਉੱਤੇ ਬਾਹਰੀ ਹਮਲੇ ਹੋ ਰਹੇ ਸਨ। ਸਿਕੰਦਰ ਲੋਧੀ ਦਿੱਲੀ ਦਾ ਬਾਦਸ਼ਾਹ ਬਣਿਆ। ਉਸ ਨੂੰ ਲੋਧੀ ਵੰਸ਼ ਦਾ ਪ੍ਰਸਿੱਧ ਰਾਜਾ ਮੰਨਿਆ ਗਿਆ ਹੈ। ਪਰ ਉਹ ਬਾਬਰ ਹੱਥੋਂ ਯੁੱਧ ਭੂਮੀ ਵਿੱਚ ਮਾਰਿਆ ਗਿਆ। ਉਸ ਸਮੇਂ ਮੁਸਲਮਾਨ ਸਰਕਾਰ ਹੋਣ ਕਰਕੇ ਮੁਸਲਮਾਨ ਉੱਚੇ ਤੋਂ ਉੱਚਾ ਅਹੁਦਾ ਪ੍ਰਾਪਤ ਕਰ ਸਕਦੇ ਸਨ। ਮੁਸਲਮਾਨ ਵੱਡੀਆਂ ਹਵੇਲੀਆਂ ਵਿੱਚ ਰਹਿੰਦੇ ਸਨ| ਉਹ ਕਈ ਕਈ ਇਸਤਰੀਆਂ ਰੱਖਦੇ ਸਨ ਅਤੇ ਕੁਝ ਮਰਦਾਂ ਨੂੰ ਗ਼ੁਲਾਮ ਬਣਾ ਕੇ ਰੱਖਦੇ ਸਨ। ਮੁਸਲਮਾਨਾਂ ਦੇ ਧਾਰਮਿਕ ਨੇਤਾ ਉਲਮਾ ਅਤੇ ਸਯੱਦ ਸਨ। ਉਲਮਾ ਅਰਬੀ ਭਾਸ਼ਾ ਦੇ ਮਾਹਿਰ ਸਨ ਅਤੇ ਸਯੱਦ ਆਪਣੇ ਆਪ ਨੂੰ ਹਜ਼ਰਤ ਮੁਹੰਮਦ ਅਤੇ ਬੀਬੀ ਫਾਤਿਮਾ ਦੀ ਔਲਾਦ ਮੰਨਦੇ ਸਨ। ਇਸ ਸਮੇਂ ਮੁਸਲਮਾਨ ਮਾਸ ਅਤੇ ਨਸ਼ਿਆਂ ਦੀ ਖ਼ੂਬ ਵਰਤੋਂ ਕਰਦੇ ਸਨ। ਮਰਦ ਤੁਰਲੇ ਵਾਲੀ ਪੱਗ ਬੰਨ੍ਹਦੇ ਸਨ ਅਤੇ ਇਸਤਰੀਆਂ ਪਰਦਾ ਕਰਨ ਲਈ ਬੁਰਕਾ ਪਹਿਨਦੀਆਂ ਸਨ। ਮਰਦ ਗਹਿਣੇ ਵੀ ਪਹਿਨਦੇ ਸਨ। ਉਸ ਸਮੇਂ ਹਿੰਦੂ ਉੱਤੇ ਸਖ਼ਤੀ ਕੀਤੀ ਜਾਂਦੀ ਸੀ। ਉਹਨਾਂ ਤੋਂ ਕਠੋਰ ਨੀਤੀ ਰਾਹੀਂ ਕਰ ਇੱਕਠਾ ਕੀਤਾ ਜਾਂਦਾ ਸੀ। ਹਿੰਦੂ ਲੜਕੀ ਦੇ ਜਨਮ ਨੂੰ ਚੰਗਾ ਨਹੀਂ ਸਮਝਦੇ ਸਨ। ਉਹਨਾਂ ਨੂੰ ਜਨਮ ਸਮੇਂ ਮਾਰ ਦਿੱਤਾ ਜਾਂਦਾ ਸੀ। ਸਤੀ ਪ੍ਰਥਾ ਵਰਗੀ ਭੈੜੀ ਰੀਤ ਵੀ ਪ੍ਰਚੱਲਿਤ ਸੀ। ਹਿੰਦੂ ਸਾਦਾ ਭੋਜਨ ਖਾਂਦੇ ਸਨ ਅਤੇ ਤਿਉਹਾਰਾਂ ਰਾਹੀਂ ਮਨਪ੍ਰਚਾਵਾ ਕਰਦੇ ਸਨ। ਇਸਤਰੀਆਂ ਨੂੰ ਪਰਦਾ (ਘੁੰਡ) ਕਰਕੇ ਰੱਖਣਾ ਪੈਂਦਾ ਸੀ।

ਪ੍ਰਸ਼ਨ01. ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ਦੀ ਰਾਜਨੀਤਕ ਵਿਵਸਥਾ ਕਿਹੋ ਜਿਹੀ ਸੀ?

ਉੱਤਰ: ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ਦੀ ਰਾਜਨੀਤਕ ਵਿਵਸਥਾ ਬਹੁਤੀ ਚੰਗੀ ਨਹੀਂ ਸੀ।

ਪ੍ਰਸ਼ਨ02. ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ਦੇ ਰਾਜਿਆਂ ਦੀ ਪਕੜ ਕਿਹੋ ਜਿਹੀ ਸੀ?

ਉੱਤਰ: ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ਦੇ ਰਾਜਿਆਂ ਦੀ ਪਕੜ ਢਿੱਲੀ ਸੀ, ਜਿਸ ਕਰਕੇ ਵਿਦੇਸ਼ੀ ਹਮਲਾਵਰ ਹਮਲੇ ਕਰਦੇ ਰਹਿੰਦੇ ਸਨ।

ਪ੍ਰਸ਼ਨ 03.ਲੋਧੀ ਵੰਸ਼ ਦਾ ਪ੍ਰਸਿੱਧ ਰਾਜਾ ਕੌਣ ਸੀ?

ਉੱਤਰ : ਲੋਧੀ ਵੰਸ਼ ਦਾ ਪ੍ਰਸਿੱਧ ਰਾਜਾ ਸਿਕੰਦਰ ਲੋਧੀ ਸੀ।

## ਪਾਠ 03

## ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੀਆਂ ਸਿੱਖਿਆਵਾਂ

### PART –1 ਸਹੀ ਉੱਤਰ ਚੁਣੋ (ਬਹੁ- ਵਿਕਲਪੀ ਪ੍ਰਸ਼ਨ ਉੱਤਰ)

**ਪ੍ਰਸ਼ਨ 1ਹੇਠ ਲਿਖਿਆਂ ਵਿਚੋ ਠੀਕ ਉੱਤਰ ਦੀ ਚੋਣ ਕਰੋ।**

1. ਸਿੱਖ ਧਰਮ ਦੇ ਸੰਸਥਾਪਕ ਕੌਣ ਸਨ?

ੳ. ਗੁਰੂ ਨਾਨਕ ਦੇਵ ਜੀ　　ਅ. ਗੁਰੂ ਅੰਗਦ ਦੇਵ ਜੀ

ੲ . ਗੁਰੂ ਹਰਗੋਬਿੰਦ ਜੀ　　ਸ. ਗੁਰੂ ਗੋਬਿੰਦ ਸਿੰਘ ਜੀ

**ਉੱਤਰ: ਗੁਰੂ ਨਾਨਕ ਦੇਵ ਜੀ**

2. ਮਹਿਤਾ ਕਾਲੂ ਨੇ ਗੁਰੂ ਨਾਨਕ ਦੇਵ ਜੀ ਨੂੰ ਕਿੱਥੇ ਨੌਕਰੀ ਕਰਨ ਲਈ ਭੇਜਿਆ ਸੀ?

ੳ. ਮੁਲਤਾਨ　　ਅ. ਸੀਤਾਪੁਰ

ੲ. ਸੁਲਤਾਨਪੁਰ ਲੋਧੀ　　ਸ. ਲਾਹੌਰ

**ਉੱਤਰ: ਸੁਲਤਾਨਪੁਰ ਲੋਧੀ**

3. ਗਿਆਨ ਪ੍ਰਾਪਤੀ ਸਮੇਂ ਗੁਰੂ ਨਾਨਕ ਦੇਵ ਜੀ ਦੀ ਉਮਰ ਕਿੰਨੀ ਸੀ?

ਉ. 20 ਸਾਲ　　ਅ. 22 ਸਾਲ

ੲ. 26 ਸਾਲ　　ਸ. 30 ਸਾਲ

**ਉੱਤਰ: 30 ਸਾਲ**

4. ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਦਾ ਸਰੂਪ ਕੀ ਹੈ?

ੳ. ਉਹ ਸਰਵ-ਸ਼ਕਤੀਮਾਨ ਹੈ　　ਅ. ਉਹ ਹਮੇਸ਼ਾ ਰਹਿਨ ਵਾਲਾ ਹੈ

ੲ. ਉਹ ਨਿਰਗੁਣ ਅਤੇ ਸਰਗੁਣ ਹੈ　　ਸ. ਉਪਰੋਕਤ ਸਾਰੇ

**ਉੱਤਰ: ਉਪਰੋਕਤ ਸਾਰੇ**

5 ਗੁਰੂ ਨਾਨਕ ਦੇਵ ਜੀ ਨੇ ਆਪਣਾ ਉਤਰਾਧਿਕਾਰੀ ਕਿਸ ਨੂੰ ਨਿਯੁਕਤ ਕੀਤਾ?

ਉ. ਭਾਈ ਜੇਠਾ ਜੀ　　ਅ. ਭਾਈ ਦੁਰਗਾ ਜੀ

ੲ. ਭਾਈ ਲਹਿਣਾ ਜੀ　　ਸ. ਸ੍ਰੀ ਚੰਦ ਜੀ

**ਉੱਤਰ: ਭਾਈ ਲਹਿਣਾ ਜੀ**

### PART –2 (A) ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ।

ਪ੍ਰਸ਼ਨ1. ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ ?

ਉੱਤਰ- 1469 ਈ:

ਪ੍ਰਸ਼ਨ 2 ਗੁਰੂ ਨਾਨਕ ਦੇਵ ਜੀ ਨੇ ਸੱਚਾ ਸੌਦਾ ਕਿੰਨੇ ਰੁਪਇਆਂ ਨਾਲ ਕੀਤਾ ਸੀ ?

ਉੱਤਰ-20 ਰੁਪਇਆਂ ਨਾਲ

ਪ੍ਰਸ਼ਨ 3. ਕਿਰਤ ਤੋਂ ਕੀ ਭਾਵ ਹੈ?

ਉੱਤਰ-ਮਿਹਨਤ ਅਤੇ ਈਮਾਨਦਾਰੀ ਦੀ ਕਮਾਈ

## PART – 2 B ਖ਼ਾਲੀ ਸਥਾਨ ਭਰੋ

ਖ਼ਾਲੀ ਸਥਾਨ ਭਰੋ

(1) ਗੁਰੂ ਨਾਨਕ ਦੇਵ ਜੀ ਦੀ ਪਤਨੀ ਦਾ ਨਾਮ______________ ਸੀ। **(ਬੀਬੀ ਸੁਲੱਖਣੀ ਜੀ)**

(2) ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਦਾ ਨਾਂ _____________ ਸੀ। **(ਮਹਿਤਾ ਕਾਲੂ ਜੀ)**

(3) ਗੁਰੂ ਨਾਨਕ ਦੇਵ ਜੀ ਨੇ ਸੱਚਾ ਸੌਦਾ ____________ਰੁਪਇਆਂ ਨਾਲ ਕੀਤਾ ਸੀ। (20)

## PART – 2 B ਸਹੀ /ਗ਼ਲਤ ਕਥਨ ਚੁਣੋ

(1) ਗੁਰੂ ਨਾਨਕ ਦੇਵ ਜੀ ਦੀ ਭੈਣ ਬੀਬੀ ਨਾਨਕੀ ਜੀ ਸਨ। (✓)

(2) ਗੁਰੂ ਨਾਨਕ ਦੇਵ ਜੀ ਦੀ ਬਾਣੀ ਸ੍ਰੀਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। (✓)

(3) ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਦੇ ਨਾਂ ਸ੍ਰੀ ਚੰਦ ਅਤੇ ਲੱਖਮੀ ਦਾਸ ਸਨ। (✓)

## PART –2 D ਸਹੀ ਮਿਲਾਣ ਕਰੋ।

| | A | B | |
|---|---|---|---|
| ੳ. | ਗੁਰੂ ਨਾਨਕ ਦੇ ਜੀ ਦਾ ਜਨਮ | 1 | 1539 ਈ. |
| ਅ | ਤੀਜੀ ਉਦਾਸੀ ਕਦੋਂ ਆਰੰਭ ਹੋਈ | 2 | ਚਾਰ |
| ੲ. | ਗੁਰੂ ਨਾਨਕ ਦੇਵ ਜੀ ਦੇ ਪਿਤਾ ਦਾ ਨਾਂ | 3 | ਮਹਿਤਾ ਕਾਲੂ |
| ਸ | ਗੁਰੂ ਨਾਨਕ ਦੇਵ ਜੀ ਨੇ ਕਿੰਨੀਆਂ ਉਦਾਸੀਆਂ ਕੀਤੀਆਂ | 4 | 1469 ਈ. |
| ਹ. | ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਸਮਾਏ | 5 | 1515 ਈ. |

**ਉੱਤਰਮਾਲਾ :**

| | | | |
|---|---|---|---|
| ੳ. | ਗੁਰੂ ਨਾਨਕ ਦੇਵ ਜੀ ਦਾ ਜਨਮ | = | 1469 ਈ. |
| ਅ. | ਤੀਜੀ ਉਦਾਸੀ ਕਦੋਂ ਆਰੰਭ ਹੋਈ | = | 1515 ਈ. |
| ੲ. | ਗੁਰੂ ਨਾਨਕ ਦੇ ਜੀ ਦੇ ਪਿਤਾ ਦਾ ਨਾਮ | = | ਮਹਿਤਾ ਕਾਲੂ |
| ਸ. | ਗੁਰੂ ਨਾਨਕ ਦੇਵ ਜੀ ਨੇ ਕਿੰਨੀਆਂ ਉਦਾਸੀਆਂ ਕੀਤੀਆਂ | = | ਚਾਰ |
| ਹ. | ਗੁਰੂ ਨਾਨਕ ਦੇਵ ਜੀ ਕਦੋਂ ਜੋਤੀ ਜੋਤਿ ਸਮਾਏ | = | 1539 ਈ. |

## PART – 3  ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ

ਪ੍ਰਸ਼ਨ 1. ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਸਬੰਧੀ ਵਿਚਾਰਾਂ ਦਾ ਸੰਖੇਪ ਵਰਣਨ ਕਰੋ।

ਉੱਤਰ 1- **ਪਰਮਾਤਮਾ ਇੱਕ ਹੈ:** ਗੁਰੂ ਜੀ ਅਨੁਸਾਰ ਪਰਮਾਤਮਾ ਇੱਕ ਹੈ। ਦੁਨੀਆਂ ਦਾ ਕੋਈ ਵੀ ਦੇਵੀ ਦੇਵਤਾ ਉਸਦੀ ਥਾਂ ਨਹੀਂ ਲੈ ਸਕਦਾ।

2- **ਪਰਮਾਤਮਾ ਸਰਵਸ਼ਕਤੀਮਾਨ ਅਤੇ ਸਰਵਵਿਆਪਕ ਹੈ:** ਗੁਰੂ ਜੀ ਅਨੁਸਾਰ ਪਰਮਾਤਮਾ ਸੰਸਾਰ ਦੇ ਹਰ ਜੀਵ ਅਤੇ ਕਣ ਵਿੱਚ ਰਹਿੰਦਾ ਹੈ।

3- **ਪਰਮਾਤਮਾ ਨਿਰੰਕਾਰ ਹੈ:** ਗੁਰੂ ਜੀ ਅਨੁਸਾਰ ਪਰਮਾਤਮਾ ਦਾ ਕੋਈ ਰੰਗ ਰੂਪ ਜਾਂ ਆਕਾਰ ਨਹੀਂ ਹੈ।

ਪ੍ਰਸ਼ਨ 2. ਗੁਰੂ ਨਾਨਕ ਦੇਵ ਜੀ ਨੇ ਮੁਢਲੇ ਜੀਵਨ ਵਿੱਚ ਕੀ-ਕੀ ਕਿੱਤੇ ਅਪਨਾਏ ?

ਉੱਤਰ - ਬਚਪਨ ਵਿੱਚ ਗੁਰੂ ਜੀ ਨੂੰ ਉਹਨਾਂ ਦੇ ਪਿਤਾ ਜੀ ਨੇ ਮੱਝਾਂ ਚਰਾਉਣ ਦੇ ਕੰਮ ਲਾ ਦਿੱਤਾ। ਪਰ ਸੰਸਾਰਿਕ ਵਿਸ਼ਿਆਂ ਵਿੱਚ ਰੁਚੀ ਘੱਟ ਹੋਣ ਕਰਕੇ ਗੁਰੂ ਜੀ ਆਪਣਾ ਧਿਆਨ ਪਰਮਾਤਮਾ ਨਾਲ ਲਾ ਲੈਂਦੇ ।ਫਿਰ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਖੇਤੀ ਦੇ ਕੰਮ ਤੇ ਲਗਾ ਦਿੱਤਾ | ਇਸ ਵਿੱਚ ਵੀ ਗੁਰੂ ਜੀ ਨੇ ਦਿਲਚਸਪੀ ਨਾ ਦਿਖਾਈ। ਵਪਾਰ ਕਰਨ ਲਈ ਪਿਤਾ ਜੀ ਨੇ 20 ਰੁਪਏ ਦਿੱਤੇ ਤਾਂ ਗੁਰੂ ਜੀ ਨੇ ਫਕੀਰਾਂ ਨੂੰ ਰੋਟੀ ਖੁਆ ਦਿੱਤੀ | ਉਹਨਾਂ ਨੇ ਸੁਲਤਾਨਪੁਰ ਲੋਧੀ ਦੇ ਮੋਦੀਖਾਨੇ ਵਿੱਚ ਵੀ ਨੌਕਰੀ ਕੀਤੀ।

## PART 4  ਸਰੋਤ ਅਧਾਰਿਤ ਪ੍ਰਸ਼ਨ

### ਹੇਠਾਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ।

ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ। ਉਹਨਾਂ ਦਾ ਜਨਮ 1469 ਈ. ਨੂੰ ਨਨਕਾਣਾ ਸਾਹਿਬ ਵਿਖੇ ਹੋਇਆ। ਗੁਰੂ ਨਾਨਕ ਦੇਵ ਜੀ ਦੇ ਮਾਤਾਜੀ ਦਾ ਨਾਮ ਤ੍ਰਿਪਤਾ ਅਤੇ ਪਿਤਾ ਦਾ ਨਾਮ ਮਹਿਤਾ ਕਾਲੂ ਸੀ। ਉਹਨਾਂ ਦੀ ਇੱਕ ਭੈਣ ਬੀਬੀ ਨਾਨਕੀ ਸਨ। ਉਹ ਬੇਦੀ ਖਾਨਦਾਨ ਨਾਲ ਸਬੰਧ ਰੱਖਦੇ ਸਨ। ਉਹ ਪਾਖੰਡਾਂ ਦੇ ਵਿਰੁੱਧ ਆਵਾਜ਼ ਉਠਾਉਂਦੇ ਸਨ। ਉਹਨਾਂ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਬਚਪਨ ਵਿੱਚ ਉਹ ਮੱਝੀਆਂ ਚਰਾਉਂਦੇ ਸਨ। ਇੱਕ ਵਾਰ ਉਹਨਾਂ ਨੂੰ ਪਿਤਾ ਨੇ ਵੀਹ ਰੁਪਏ ਕੋਈ ਵਪਾਰ ਕਰਨ ਲਈ ਦਿੱਤੇ ਪਰ ਉਹਨਾਂ ਨੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਦਿੱਤਾ। ਇਸ ਘਟਨਾ ਨੂੰ ਸੱਚਾ ਸੌਦਾ ਕਿਹਾ ਜਾਂਦਾ ਹੈ। ਉਹਨਾਂ ਦੀ ਸੁਪਤਨੀ ਬੀਬੀ ਸੁਲੱਖਣੀ ਜੀ ਸਨ। ਉਹਨਾਂ ਦੇ ਦੋ ਸਪੁੱਤਰ ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਸਨ। ਉਹਨਾਂ ਨੂੰ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਸਮੇਂ ਤਿੰਨ ਦਿਨ ਵਿਸਮਾਦ ਦੀ ਅਵਸਥਾ ਵਿੱਚ ਰਹਿ ਕੇ ਬਾਹਰ ਆਏ। ਉਹਨਾਂ ਨੇ ਵੱਖ ਵੱਖ ਦਿਸ਼ਾਵਾਂ ਵੱਲ ਚਾਰ ਉਦਾਸੀਆਂ ਕੀਤੀਆਂ। ਉਹਨਾਂ ਨੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਉਹਨਾਂ ਇੱਕ ਪਰਮਾਤਮਾ ਨੂੰ ਮੰਨਣ ਲਈ ਕਿਹਾ।ਉਹਨਾਂ ਇਸਤਰੀਆਂ ਨੂੰ ਸਤਿਕਾਰ ਦੇਣ ਦੀ ਹਾਮੀ ਭਰੀ। ਉਹਨਾਂ ਨੇ ਅੰਧ ਵਿਸ਼ਵਾਸ ਦਾ ਖੰਡਨ ਕੀਤਾ।

ਪ੍ਰਸ਼ਨ01. ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ?

ਉੱਤਰ: ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ।

ਪ੍ਰਸ਼ਨ:02. ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਦਾ ਨਾਂ ਕੀ ਸੀ?

ਉੱਤਰ: ਗੁਰੂ ਨਾਨਕ ਦੇਵ ਜੀ ਦੇ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਮਹਿਤਾ ਕਾਲੂ ਸਨ।

ਪ੍ਰਸ਼ਨ03. ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਕੀ ਸੀ?

ਉੱਤਰ: ਗੁਰੂ ਨਾਨਕ ਦੇਵ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਉਪਦੇਸ਼ ਦਿੰਦੇ ਸਨ।

## ਪਾਠ 04

## ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦੁਰ ਤੱਕ ਸਿੱਖ ਗੁਰੂਆਂ ਦਾ ਯੋਗਦਾਨ

### PART –1 ਸਹੀ ਉੱਤਰ ਚੁਣੋ (ਬਹੁ- ਵਿਕਲਪੀ ਪ੍ਰਸ਼ਨ ਉੱਤਰ)

ਪ੍ਰਸ਼ਨ 01. ਗੋਇੰਦਵਾਲ਼ ਵਿਖੇ ਬਾਉਲੀ ਦੀ ਨੀਂਹ ਕਿਸ ਨੇ ਰੱਖੀ?

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਨਾਨਕ ਦੇਵ ਜੀ

(ੲ) ਗੁਰੂ ਅੰਗਦ ਦੇਵ ਜੀ (ਸ) ਗੁਰੂ ਤੇਗ ਬਹਾਦਰ ਜੀ।

ਉੱਤਰ **(ੲ) ਗੁਰੂ ਅੰਗਦ ਦੇਵ ਜੀ**

ਪ੍ਰਸ਼ਨ 02. ਗੁਰੂ ਰਾਮਦਾਸ ਜੀ ਨੇ __________ ਨਗਰ ਵਸਾਇਆ।

(ੳ) ਅੰਮ੍ਰਿਤਸਰ (ਅ) ਜਲੰਧਰ

(ੲ) ਕੀਰਤਪੁਰ (ਸ) ਗੋਇੰਦਵਾਲ਼

ਉੱਤਰ **(ੳ)ਅੰਮ੍ਰਿਤਸਰ**

ਪ੍ਰਸ਼ਨ 03. ਗੁਰੂ ਅਰਜਨ ਦੇਵ ਜੀ ਨੇ ਰਾਵੀ ਅਤੇ ਬਿਆਸ ਵਿਚਕਾਰ ਕਿਸ ਨਗਰ ਦੀ ਨੀਂਹ ਰੱਖੀ?

(ੳ) ਜਲੰਧਰ (ਅ) ਗੋਇੰਦਵਾਲ਼

(ੲ) ਅੰਮ੍ਰਿਤਸਰ (ਸ) ਤਰਨਤਾਰਨ

**ਉੱਤਰ (ਸ) ਤਰਨਤਾਰਨ**

ਪ੍ਰਸ਼ਨ04. ਜਹਾਂਗੀਰ ਸਮੇਂ ਕਿਹੜੇ ਸਿੱਖ ਗੁਰੂ ਸਾਹਿਬ ਸ਼ਹੀਦ ਹੋਏ?

(ੳ) ਗੁਰੂ ਅੰਗਦ ਦੇਵ ਜੀ (ਅ) ਗੁਰੂ ਅਮਰ ਦਾਸ ਜੀ

(ੲ) ਗੁਰੂ ਅਰਜਨ ਦੇਵ ਜੀ (ਸ) ਗੁਰੂ ਰਾਮਦਾਸ ਜੀ

**ਉੱਤਰ (ੲ) ਗੁਰੂ ਅਰਜਨ ਦੇਵ ਜੀ**

ਪ੍ਰਸ਼ਨ 5 ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਿਸ ਗੁਰੂ ਜੀ ਨੇ ਕੀਤਾ?

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅਰਜਨ ਦੇਵ ਜੀ

(ੲ) ਗੁਰੂ ਰਾਮਦਾਸ ਜੀ (ਸ) ਗੁਰੂ ਤੇਗ਼ ਬਹਾਦਰ ਜੀ

**ਉੱਤਰ (ਅ) ਗੁਰੂ ਅਰਜਨ ਦੇਵ ਜੀ**

### PART –2 (A) ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ।

ਪ੍ਰਸ਼ਨ 1. ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਦੋਂ ਸ਼ਹੀਦ ਕੀਤਾ ਗਿਆ?

**ਉੱਤਰ- 1606** ਈ. ਨੂੰ

ਪ੍ਰਸ਼ਨ 2. ਸਿੱਖਾਂ ਦੇ ਨੌਵੇਂ ਗੁਰੂ ਕੌਣ ਸਨ?

**ਉੱਤਰ-** ਸ੍ਰੀ ਗੁਰੂ ਤੇਗ ਬਹਾਦਰ ਜੀ

ਪ੍ਰਸ਼ਨ 3. ਹਰਿਮੰਦਰ ਸਾਹਿਬ ਦੀ ਨੀਂਹ ਕਿਸਨੇ ਰੱਖੀ?

**ਉੱਤਰ-** ਸੂਫ਼ੀ ਸੰਤ ਮੀਆਂ ਮੀਰ ਜੀ ਨੇ

## PART 2 B ਖ਼ਾਲੀ ਸਥਾਨ ਭਰੋ

1- ਭਾਈ ਲਹਿਣਾ ____________ ਜੀ ਦਾ ਨਾਮ ਸੀ| **(ਗੁਰੂ ਅੰਗਦ ਦੇਵ)**

2- ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੀਆਂ _________ਪੌੜੀਆਂ ਹਨ| **(84)**

3- ਮੰਜੀ ਪ੍ਰਥਾ ਦੀ ਸਥਾਪਨਾ _____________ ਨੇ ਕੀਤੀ ਸੀ| **(ਸ੍ਰੀ ਗੁਰੂ ਅਮਰਦਾਸ ਜੀ)**

## PART – 2 C ਸਹੀ ਜਾਂ ਗ਼ਲਤ ਚੁਣੋ

1- ਭਾਈ ਲਹਿਣਾ ਗੁਰੂ ਰਾਮਦਾਸ ਜੀ ਦਾ ਨਾਮ ਸੀ| (×)

2- ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ| (×)

3- ਅਕਾਲ ਤਖਤ ਸਾਹਿਬ ਜੀ ਦੀ ਉਸਾਰੀ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਕਰਵਾਈ| (✓)

## PART –2 D ਸਹੀ ਮਿਲਾਣ ਕਰੋ।

| A | | B |
|---|---|---|
| ੳ. ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ | 1- | ਗੁਰੂ ਹਰਗੋਬਿੰਦ ਜੀ |
| ਅ. ਗੁਰੂ ਅਰਜਨ ਦੇਵ ਜੀ ਨੇ ਕਿਸ ਸ਼ਹਿਰ ਦੀ ਨੀਂਹ ਰੱਖੀ | 2- | 1606 ਈ. |
| ੲ.ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਦੇ ਸ਼ਬਦ | 3- | ਭਾਈ ਲਹਿਣਾ |
| ਸ.ਗੁਰੂ ਹਰਗੋਬਿੰਦ ਜੀ ਨੇ ਗੁਰਗੱਦੀ ਸੰਭਾਲੀ | 4- | ਤਰਨਤਾਰਨ |
| ਹ. ਸਿੱਖਾਂ ਦੇ ਛੇਵੇਂ ਗੁਰੂ | 5- | 2216 |

**ਉੱਤਰਮਾਲਾ**:

| | | | |
|---|---|---|---|
| ੳ. ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ | = | 1- | ਭਾਈ ਲਹਿਣਾ |
| ਅ. ਗੁਰੂ ਅਰਜਨ ਦੇਵ ਜੀ ਨੇ ਨੀਂਹ ਰੱਖੀ | = | 2- | ਤਰਤਾਰਨ |
| ੲ. ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਦੇ ਸ਼ਬਦ | = | 3- | 2216 |
| ਸ. ਗੁਰੂ ਹਰਗੋਬਿੰਦ ਜੀ ਨੇ ਗੁਰਗੱਦੀ ਸੰਭਾਲੀ | = | 4- | 1606 ਈ. |
| ਹ. ਸਿੱਖਾਂ ਦੇ ਛੇਵੇਂ ਗੁਰੂ | = | 5- | ਗੁਰੂ ਹਰਗੋਬਿੰਦ ਜੀ |

## PART – 3 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ

ਪ੍ਰਸ਼ਨ 1. ਮੰਜੀ ਪ੍ਰਥਾ ਤੋਂ ਕੀ ਭਾਵ ਹੈ ਤੇ ਇਸ ਦਾ ਕੀ ਉਦੇਸ਼ ਸੀ?

ਉੱਤਰ- ਗੁਰੂ ਅਮਰਦਾਸ ਜੀ ਦੇ ਸਮੇਂ ਤੱਕ ਸਿੱਖਾਂ ਦੀ ਗਿਣਤੀ ਬਹੁਤ ਵਧ ਗਈ ਸੀ, ਇਸ ਲਈ ਹਰ ਜਗ੍ਹਾ ਜਾ ਕੇ ਉਪਦੇਸ਼ ਦੇਣਾ ਔਖਾ ਹੋ ਗਿਆ ਸੀ। ਇਸ ਲਈ ਗੁਰੂ ਅਮਰਦਾਸ ਜੀ ਨੇ ਪੰਜਾਬ ਵਿਚ 22 ਮੰਜੀਆਂ ਦੀ ਸਥਾਪਨਾ ਕੀਤੀ | ਹਰ ਮੰਜੀ ਲਈ ਇੱਕ ਸਿੱਖ ਨਿਯੁਕਤ ਕੀਤਾ ਜੋ ਆਪਣੇ ਇਲਾਕੇ ਵਿਚ ਗੁਰੂ ਜੀ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਦਾ ਸੀ।ਪ੍ਰਚਾਰ ਦੇ ਨਾਲ ਨਾਲ ਇਸ ਦਾ ਉਦੇਸ਼ ਸਿੱਖਾਂ ਕੋਲੋਂ ਭੇਟਾਂ ਲੈ ਕੇ ਗੁਰੂ ਜੀ ਤਕ ਪਹੁੰਚਾਉਣਾ ਵੀ ਸੀ |ਉਹ ਸਿੱਖ ਮੰਜੀ ਉੱਤੇ ਬੈਠ ਕੇ ਉਪਦੇਸ਼ ਦਿੰਦਾ ਸੀ, ਇਸ ਲਈ ਇਸ ਪ੍ਰਥਾ ਨੂੰ 'ਮੰਜੀ ਪ੍ਰਥਾ' ਕਿਹਾ ਜਾਣ ਲੱਗਾ।

ਪ੍ਰਸ਼ਨ 2. ਰਾਮਦਾਸਪੁਰ ਜਾਂ ਅੰਮ੍ਰਿਤਸਰ ਦੀ ਸਥਾਪਨਾ ਦਾ ਵਰਣਨ ਕਰੋ।

ਉੱਤਰ- ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰ ਜਾਂ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖੀ। ਗੁਰੂ ਜੀ ਨੇ ਇੱਥੇ ਦੋ ਸਰੋਵਰ ਸੰਤੋਖਸਰ ਅਤੇ ਅੰਮ੍ਰਿਤਸਰ ਦੀ ਖੁਦਵਾਈ ਵੀ ਕਰਵਾਈ। ਉਹਨਾਂ ਨੇ ਸਿੱਖਾਂ ਅਤੇ ਵਪਾਰੀਆਂ ਨੂੰ ਉੱਥੇ ਜਾਕੇ ਰਹਿਣ ਲਈ ਕਿਹਾ। ਹੌਲੀ- ਹੌਲ਼ੀ ਅੰਮ੍ਰਿਤਸਰ ਸਰੋਵਰ ਦੇ ਦੁਆਲੇ ਬਹੁਤ ਸਾਰੇ ਲੋਕ ਵੱਸ ਗਏ ਅਤੇ ਕਈ ਦੁਕਾਨਾਂ ਖੁੱਲ ਗਈਆਂ |ਬਾਅਦ ਵਿੱਚ ਅੰਮ੍ਰਿਤਸਰ ਸਰੋਵਰ ਦੇ ਨਾਮ 'ਤੇ ਹੀ ਇਸਦਾ ਨਾਮ ਅੰਮ੍ਰਿਤਸਰ ਪੈ ਗਿਆ।

## PART – 4 ਸਰੋਤ ਅਧਾਰਿਤ ਪ੍ਰਸ਼ਨ

## ਹੇਠਾਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ-

ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਪਿੱਛੋਂ ਗੁਰਗੱਦੀ ਤੇ ਬਿਰਾਜਮਾਨ ਹੋਏ। ਇਹਨਾਂ ਦਾ ਪਹਿਲਾ ਨਾਮ ਭਾਈ ਲਹਿਣਾ ਜੀ ਸੀ। ਇਹਨਾਂ ਦੇ ਪਿਤਾ ਦਾ ਨਾਮ ਭਾਈ ਫੇਰੂ ਮੱਲ ਅਤੇ ਮਾਤਾ ਦਾ ਨਾਮ ਦਇਆ ਜੀ ਸੀ। ਇਹਨਾਂ ਦੀ ਸੁਪਤਨੀ ਬੀਬੀ ਖੀਵੀ ਜੀ ਸਨ। ਇਹਨਾਂ ਦੇ ਦੋ ਸਪੁੱਤਰ ਭਾਈ ਦਾਤੂ ਜੀ ਅਤੇ ਭਾਈ ਦਾਸੂ ਜੀ ਸਨ।ਇਹਨਾਂ ਦੇ ਸਮੇਂ ਗੁਰਮੁਖੀ ਲਿੱਪੀ ਦਾ ਪ੍ਰਚਾਰ ਸ਼ੁਰੂ ਹੋਇਆ। ਇਹਨਾਂ ਦੇ ਸਮੇਂ ਲੰਗਰ ਅਤੇ ਪੰਗਤ ਪ੍ਰਥਾ ਦਾ ਵਿਕਾਸ ਹੋਇਆ। ਗੁਰੂ ਅੰਗਦ ਦੇਵ ਦੇ ਸਮੇਂ ਗੁਰਮੁਖੀ ਦੀ ਬਾਲ਼ ਬੋਧ ਤਿਆਰ ਹੋਈ। ਗੁਰੂ ਅੰਗਦ ਦੇਵ ਜੀ ਨੇ 62 ਸਲੋਕਾਂ ਦੀ ਰਚਨਾ ਕੀਤੀ। ਗੁਰੂ ਅੰਗਦ ਦੇਵ ਜੀ ਨੇ ਗੋਇੰਦਵਾਲ਼ ਦੀ ਨੀਂਹ ਰੱਖੀ।

ਪ੍ਰਸ਼ਨ 01. ਸਿੱਖਾਂ ਦੇ ਦੂਜੇ ਗੁਰੂ ਕੌਣ ਸਨ?

ਉੱਤਰ: ਸਿੱਖਾਂ ਦੇ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਸਨ।

ਪ੍ਰਸ਼ਨ 02. ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਕੀ ਸੀ?

ਉੱਤਰ : ਗੁਰੂ ਅੰਗਦ ਦੇਵ ਦਾ ਪਹਿਲਾ ਨਾਮ ਭਾਈ ਲਹਿਣਾ ਜੀ ਸੀ।

ਪ੍ਰਸ਼ਨ 03. ਗੁਰੂ ਅੰਗਦ ਦੇਵ ਜੀ ਦੇ ਮਾਤਾ ਪਿਤਾ ਦਾ ਨਾਮ ਕੀ ਸੀ?

ਉੱਤਰ: ਗੁਰੂ ਅੰਗਦ ਦੇਵ ਜੀ ਦੇ ਮਾਤਾ ਦਾ ਨਾਮ ਦਇਆ ਜੀ ਅਤੇ ਪਿਤਾ ਦਾ ਨਾਮ ਫੇਰੂ ਮੱਲ ਸੀ।

# ਪਾਠ 05

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ , ਖਾਲਸੇ ਦੀ ਸਿਰਜਣਾ ਅਤੇ ਸ਼ਖਸ਼ੀਅਤ

## PART –1 ਸਹੀ ਉੱਤਰ ਚੁਣੋ (ਬਹੁ- ਵਿਕਲਪੀ ਪ੍ਰਸ਼ਨ ਉੱਤਰ)

(1) ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਦੀ ਨੀਂਹ ਰੱਖੀ?

| | | | |
|---|---|---|---|
| 1. | ਲੰਗਰ ਪ੍ਰਥਾ | 2. | ਸੰਗਤ ਪ੍ਰਥਾ |
| 3 | ਖਾਲਸਾ ਪੰਥ | 4. | ਮੀਰੀ ਅਤੇ ਪੀਰੀ |

**ਉੱਤਰ** **ਖਾਲਸਾ ਪੰਥ ਦੀ**

(2) ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਿੱਥੇ ਹੋਇਆ?

| | | | |
|---|---|---|---|
| 1. | ਸ੍ਰੀ ਅਨੰਦਪੁਰ ਸਾਹਿਬ | 2. | ਚਮਕੌਰ ਸਾਹਿਬ |
| 3. | ਪਟਨਾ ਸਾਹਿਬ | 4. | ਸਰਹਿੰਦ |

**ਉੱਤਰ ਪਟਨਾ ਸਾਹਿਬ**

(3) ਖਾਲਸਾ ਪੰਥ ਦੀ ਸਾਜਨਾ ਕਿੱਥੇ ਕੀਤੀ ਗਈ?

| | | | |
|---|---|---|---|
| 1. | ਸ੍ਰੀ ਅਨੰਦਪੁਰ ਸਾਹਿਬ | 2. | ਪਟਨਾ ਸਾਹਿਬ |
| 3. | ਸਰਹਿੰਦ | 4. | ਖਿਦਰਾਣਾ |

**ਉੱਤਰ ਸ੍ਰੀ ਅਨੰਦਪੁਰ ਸਾਹਿਬ**

(4) ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਕੀ ਸੀ?

| | | | |
|---|---|---|---|
| 1. | ਗੁਰੂ ਹਰਰਾਏ ਜੀ | 2. | ਗੁਰੂ ਹਰਗੋਬਿੰਦ ਸਾਹਿਬ ਜੀ |
| 3. | ਗੁਰੂ ਤੇਗ ਬਹਾਦਰ ਜੀ | 4. | ਗੁਰੂ ਅਰਜਨ ਦੇਵ ਜੀ |

**ਉੱਤਰ ਗੁਰੂ ਤੇਗ ਬਹਾਦਰ ਜੀ**

(5) ਕਿਸ ਦਿਵਸ ਨੂੰ 1699 ਈ: ਵਿੱਚ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ?

| | | | |
|---|---|---|---|
| 1. | ਲੋਹੜੀ | 2. | ਵਿਸਾਖੀ |
| 3. | ਹੋਲੀ | 4. | ਦੀਵਾਲੀ |

**ਉੱਤਰ ਵਿਸਾਖੀ**

(6) ਗੁਰੂ ਗੋਬਿੰਦ ਸਿੰਘ ਸਿੱਖਾਂ ਦੇ ਕਿੰਨਵੇ ਗੁਰੂ ਸਨ?

| | | | |
|---|---|---|---|
| 1. | ਪਹਿਲੇ | 2. | ਦਸਵੇਂ |
| 3. | ਚੌਥੇ | 4. | ਦੂਜੇ |

**ਉੱਤਰ ਦਸਵੇਂ**

## PART 2 A ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ।

ਪ੍ਰਸ਼ਨ1 ਸਿੱਖ ਧਰਮ ਦੀ ਸਥਾਪਨਾ ਦਾ ਕਾਰਜ ਕਿਸ ਨੇ ਕੀਤਾ?

ਉੱਤਰ - ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰਸ਼ਨ 2 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਣਾਏ ਨਗਾਰੇ ਦਾ ਕੀ ਨਾਂ ਸੀ?

ਉੱਤਰ - ਰਣਜੀਤ ਨਗਾਰਾ

ਪ੍ਰਸ਼ਨ 3 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਿੰਨੇ ਸਾਹਿਬਜ਼ਾਦੇ ਸਨ ?

ਉੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਸਨ।

## PART – 2 B ਖਾਲੀ ਥਾਵਾਂ ਭਰੋ

1. ਮੁਕਤਸਰ ਦਾ ਪਹਿਲਾ ਨਾਂ______________ਸੀ | **(ਖਿਦਰਾਣੇ ਦੀ ਢਾਬ)**
2. ਖ਼ਾਲਸਾ ਆਪਣੇ ਨਾਂ ਨਾਲ______________ਸ਼ਬਦ ਲਗਾਉਂਦਾ ਹੈ| **(ਸਿੰਘ)**
3. ਗੁਰੂ ਜੀ ਨੇ ਖਾਲਸੇ ਦੀ ਸਥਾਪਨਾ _____________ਵਿਖੇ ਕੀਤੀ I **(ਆਨੰਦਪੁਰ ਸਾਹਿਬ)**
4. ਗੁਰੂ ਜੀ ਦਾ ਬਚਪਨ ਦਾ ਨਾਮ________________ਸੀ | **(ਗੋਬਿੰਦ ਰਾਇ)**

## PART 2C ਹੇਠ ਲਿਖੇ ਕਥਨਾਂ 'ਚੋਂ ਸਹੀ ਜਾਂ ਗ਼ਲਤ ਚੁਣੋ

1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਈਸਵੀ ਵਿੱਚ ਹੋਇਆ I (✓)
2. ਖਾਲਸਾ ਪੰਥ ਦੀ ਸਥਾਪਨਾ 1699 ਈ. ਵਿਚ ਹੋਈ I (✓)
3. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ I (✓)

## PART –2 D ਸਹੀ ਮਿਲਾਣ ਕਰੋ I

| | | |
|---|---|---|
| ੳ. ਗੁਰੂ ਗੋਬਿੰਦ ਸਿੰਘ ਜੀ ਦਾ ਜਨਮ | 1 | 1705 ਈ. |
| ਅ. ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਦਾ ਨਾਮ | 2. | 1688 ਈ. |
| ੲ. ਖ਼ਾਲਸੇ ਦੀ ਸਿਰਜਣਾ | 3 | 1699 ਈ. |
| ਸ. ਭੰਗਾਣੀ ਦਾ ਯੁੱਧ | 4 | ਗੁਰੂ ਤੇਗ ਬਹਾਦੁਰ ਜੀ |
| ਹ. ਚਮਕੌਰ ਦੀ ਜੰਗ | 5 | ਪਟਨਾ ਸਾਹਿਬ |

**ਉੱਤਰਮਾਲਾ :**

| | | | |
|---|---|---|---|
| ੳ. | ਗੁਰੂ ਗੋਬਿੰਦ ਸਿੰਘ ਜੀ ਦਾ ਜਨਮ | = | ਪਟਨਾ ਸਾਹਿਬ |
| ਅ. | ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਦਾ ਨਾਮ | = | ਗੁਰੂ ਤੇਗ ਬਹਾਦਰ ਜੀ |
| ੲ. | ਖ਼ਾਲਸੇ ਦੀ ਸਿਰਜਣਾ | = | 1699 ਈ. |
| ਸ | ਭੰਗਾਣੀ ਦਾ ਯੁੱਧ | = | 1688 ਈ. |
| ਹ. | ਚਮਕੌਰ ਦੀ ਜੰਗ | = | 1705 ਈ. |

## PART –3 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ-

ਪ੍ਰਸ਼ਨ 1 ਖਾਲਸਾ ਦੇ ਨਿਯਮਾਂ ਦਾ ਵਰਣਨ ਕਰੋ ?

ਉੱਤਰ- **<u>ਖਾਲਸਾ ਦੇ ਨਿਯਮ -</u>**

1- 'ਖਾਲਸਾ' ਵਿਚ ਸ਼ਾਮਿਲ ਹੋਣ ਲਈ 'ਖੰਡੇ ਦੀ ਪਾਹੁਲ' ਦਾ ਸੇਵਨ ਕਰਨਾ ਪਵੇਗਾ |

2- ਹਰ ਇੱਕ ਖਾਲਸਾ ਆਪਣੇ ਨਾਂ ਦੇ ਨਾਲ 'ਸਿੰਘ' ਅਤੇ ਖਾਲਸਾ ਇਸਤਰੀ ਆਪਣੇ ਨਾਂ ਦੇ ਨਾਲ 'ਕੌਰ' ਲਗਾਏਗੀ|

3- ਖਾਲਸਾ ਪੰਜ 'ਕਕਾਰ'- ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ ਧਾਰਨ ਕਰੇਗਾ|

ਪ੍ਰਸ਼ਨ 2 ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾਨਾਇਕ ਦੇ ਰੂਪ ਵਿਚ ਸ਼ਖਸੀਅਤ ਬਾਰੇ ਲਿਖੋ **?**

ਉੱਤਰ- ਗੁਰੂ ਗੋਬਿੰਦ ਸਿੰਘ ਜੀ ਇੱਕ ਕੁਸ਼ਲ ਸੈਨਾਪਤੀ ਅਤੇ ਵੀਰ ਸੈਨਿਕ ਸਨ | ਉਹ ਬਚਪਨ ਵਿਚ ਹੀ ਤੀਰ-ਤਲਵਾਰ ਚਲਾਉਣ ਅਤੇ ਘੋੜਸਵਾਰੀ ਕਰਨ ਵਿਚ ਮਾਹਿਰ ਹੋ ਗਏ ਸਨ। ਇੱਕ ਮਹਾਨ ਸੈਨਾਪਤੀ ਹੋਣ ਕਾਰਣ ਹੀ ਉਨ੍ਹਾਂ ਨੇ ਘੱਟ ਸੈਨਿਕ ਅਤੇ ਸਮੱਗਰੀ ਨਾਲ ਵੀ ਮੁਗ਼ਲ ਸੈਨਾਵਾਂ ਨਾਲ਼ ਬਹਾਦਰੀ ਨਾਲ਼ ਯੁੱਧ ਲੜੇ| ਇੱਕ ਸੁਯੋਗ ਸੈਨਾਪਤੀ ਵਾਂਗ ਉਹ

ਜਾਣਦੇ ਸਨ ਕਿ ਵੈਰੀ ਨਾਲ ਕਿਥੇ ਅਤੇ ਕਦੋ ਲੜਨਾ ਹੈ। ਪਰ ਗੁਰੂ ਜੀ ਨੇ ਕਦੀ ਵੀ ਪਹਿਲ ਨਾ ਕੀਤੀ ਅਤੇ ਸਦਾ ਹੀ ਧਰਮ ਲਈ ਲੜੇ |

## PART – 4 ਸਰੋਤ ਅਧਾਰਿਤ ਪ੍ਰਸ਼ਨ

## ਹੇਠਾਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ-

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਸਾਹਿਬ ਵਿਖੇ ਪਿਤਾ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਦੇ ਘਰ ਹੋਇਆ। ਬਚਪਨ ਵਿੱਚ ਹੀ ਗੁਰੂ ਗੋਬਿੰਦ ਰਾਇ ਸਾਥੀਆਂ ਨਾਲ ਦਲ ਬਣਾ ਕੇ ਯੁੱਧ ਦੀਆਂ ਖੇਡਾਂ ਖੇਡਦੇ ਸਨ । ਜਿਸ ਤੋਂ ਪ੍ਰਤੀਤ ਹੁੰਦਾ ਸੀ ਕਿ ਇਹ ਬਾਲ ਵੱਡਾ ਹੋ ਕੇ ਮਹਾਨ ਨੇਤਾ ਬਣੇਗਾ। ਆਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਗੁਰਗੱਦੀ ਪ੍ਰਾਪਤ ਹੋਈ। ਉਹਨਾਂ ਨੂੰ ਪੰਡਿਤ ਹਰਜਸ ਸੰਸਕ੍ਰਿਤ ਦਾ ਗਿਆਨ ਦਿੰਦੇ ਸਨ। ਰਾਜਪੂਤ ਬਜਰ ਸਿੰਘ ਨੇ ਉਹਨਾਂ ਘੋੜ ਸਵਾਰੀ ਅਤੇ ਸਾਸ਼ਤਰ ਚਲਾਉਣ ਦੀ ਸਿੱਖਿਆ ਦਿੱਤੀ। ਉਹਨਾਂ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਸੁਣ ਕੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਸ਼ਹਾਦਤ ਲਈ ਭੇਜਿਆ। ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸਿੱਖ ਸੈਨਾ ਵਿੱਚ ਭਰਤੀ ਹੋਣ ਲਈ ਕਿਹਾ ਅਤੇ ਦਾਨ ਵਿੱਚ ਘੋੜੇ ਅਤੇ ਸ਼ਸ਼ਤਰ ਮੰਗਵਾਏ। 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਭਾਰੀ ਇੱਕਠ ਸੱਦਿਆ। ਇਸ ਵਿੱਚ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਇਸੇ ਦਿਨ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਆਪਣਾ ਨਾਮ ਗੋਬਿੰਦ ਰਾਇ ਤੋਂ ਬਦਲ ਕੇ ਗੋਬਿੰਦ ਸਿੰਘ ਰੱਖਿਆ। ਗੁਰੂ ਗੋਬਿੰਦ ਸਿੰਘ ਨੇ ਹਰ ਸਿੱਖ ਨੂੰ ਅੰਮ੍ਰਿਤ ਛਕਣ ਦੀ ਹਦਾਇਤ ਕੀਤੀ। ਉਹਨਾਂ ਹਰ ਰੋਜ਼ ਪੰਜ ਬਾਣੀਆਂ ਦਾ ਪਾਠ ਕਰਨ ਲਈ ਵੀ ਕਿਹਾ। ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕ ਲੜਾਈਆਂ ਲੜੀਆਂ। ਚਮਕੌਰ ਸਾਹਿਬ ਦੀ ਲੜਾਈ ਵਿੱਚ ਉਹਨਾਂ ਦੇ ਦੋ ਵੱਡੇ ਸਾਹਿਬਜ਼ਾਦੇ ਸ਼ਹੀਦੀ ਪ੍ਰਾਪਤ ਕਰ ਗਏ। ਉਹਨਾਂ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੇ ਜਿਉਂਦਿਆ ਹੀ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਸੀ। ਸਾਹਿਬਜ਼ਾਦਿਆਂ ਦੀ ਸ਼ਹੀਦੀ ਮਗਰੋਂ ਉਹਨਾਂ ਨੇ ਔਰੰਗਜ਼ੇਬ ਦੇ ਨਾਮ ਇੱਕ ਚਿੱਠੀ ਲਿਖੀ । ਇਸ ਚਿੱਠੀ ਨੂੰ ਜ਼ਫਰਨਾਮਾ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਉਹਨਾਂ ਦੇ ਜਾਣ ਮਗਰੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣ। ਅਖੀਰ ਉਹ ਨਾਂਦੇੜ ਸਾਹਿਬ (ਮਹਾਂਰਾਸ਼ਟਰ) ਵਿਖੇ ਜੋਤੀ ਜੋਤ ਸਮਾ ਗਏ।

ਪ੍ਰਸ਼ਨ01. ਗੁਰੂ ਗੋਬਿੰਦ ਸਿੰਘ ਸਿੱਖਾਂ ਦੇ ਕਿੰਨਵੇਂ ਗੁਰੂ ਸਨ?

ਉੱਤਰ: ਗੁਰੂ ਗੋਬਿੰਦ ਸਿੰਘ ਸਿੱਖਾਂ ਦੇ ਦਸਵੇਂ ਗੁਰੂ ਸਨ।

ਪ੍ਰਸ਼ਨ 02 ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਨਾਮ ਕੀ ਸੀ?


ਉੱਤਰ: ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਨਾਮ ਗੋਬਿੰਦ ਰਾਇ ਸੀ।

ਪ੍ਰਸ਼ਨ03. ਗੁਰੂ ਗੋਬਿੰਦ ਸਿੰਘ ਦੁਆਰਾ ਔਰੰਗਜੇਬ ਨੂੰ ਲਿਖੀ ਚਿੱਠੀ ਨੂੰ ਕੀ ਕਿਹਾ ਜਾਂਦਾ ਹੈ?

ਉੱਤਰ: ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜੇਬ ਨੂੰ ਲਿਖੀ ਚਿੱਠੀ ਨੂੰ ਜ਼ਫਰਨਾਮਾ ਕਿਹਾ ਜਾਂਦਾ ਹੈ।

**PART – 5 ਪ੍ਰਸ਼ਨ : ਹੇਠਾਂ ਦਿੱਤੇ ਗਏ ਨਕਸ਼ੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ ਦੇ ਮੁੱਖ ਸਥਾਨ ਦਰਸਾਉ।**

**ਅਨੰਦਪੁਰ ਸਾਹਿਬ, ਨਾਦੌਣ, ਬਸੋਲੀ, ਨਿਰਮੋਹ, ਖਿਦਰਾਣਾ, ਚਮਕੌਰ ਸਾਹਿਬ, ਸ਼ਾਹੀ ਟਿੱਬੀ**



# ਪਾਠ- 6 -ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲਾਂ

## PART –1 ਸਹੀ ਉੱਤਰ ਚੁਣੋ (ਬਹੁ- ਵਿਕਲਪੀ ਪ੍ਰਸ਼ਨ ਉੱਤਰ)

ਪ੍ਰਸ਼ਨ 01. ਬਾਬਾ ਬੰਦਾ ਸਿੰਘ ਬਹਾਦਰ ਦਾ ਮੁੱਢਲਾ ਨਾਮ ਕੀ ਸੀ?

(ੳ) ਮਾਧੋ ਦਾਸ ਬੈਰਾਗੀ (ਅ) ਹਰੀ ਸਿੰਘ ਨਲੂਆ

(ੲ) ਬਚਿੱਤਰ ਸਿੰਘ (ਸ) ਭਾਈ ਲਹਿਣਾ

**ਉੱਤਰ- ਮਾਧੋ ਦਾਸ ਬੈਰਾਗੀ**

ਪ੍ਰਸ਼ਨ 02. ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਸਮੇਂ ਪੰਜਾਬ ਦੇ ਸਿੱਖਾਂ ਦੇ ਨਾਮ _____ ਭੇਜੇ?

(ੳ) ਤੋਪਾਂ (ਅ) ਅਸਲਾ

(ੲ) ਹੁਕਮਨਾਮੇ (ਸ) ਕੀਮਤੀ ਘੋੜੇ

**ਉੱਤਰ- ਹੁਕਮਨਾਮੇ**

ਪ੍ਰਸ਼ਨ 03. ਸਭ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਸਿੱਖ ਕਿੱਥੇ ਇੱਕਠੇ ਹੋਣੇ ਸ਼ੁਰੂ ਹੋਏ?

(ੳ) ਮਲੇਰਕੋਟਲਾ (ਅ) ਦਿੱਲੀ

(ੲ) ਫ਼ਤਹਿਗੜ੍ਹ ਸਾਹਿਬ (ਸ) ਸਰਹਿੰਦ

**ਉੱਤਰ- ਦਿੱਲੀ**

ਪ੍ਰਸ਼ਨ 04. ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਨੇ ਪਹਿਲਾ ਹਮਲਾ ਕਿੱਥੇ ਕੀਤਾ?

(ੳ) ਅੰਬਾਲਾ (ਅ) ਫਤਿਆਬਾਦ

(ੲ) ਬਠਿੰਡਾ (ਸ) ਸੋਨੀਪਤ

**ਉੱਤਰ- ਸੋਨੀਪਤ**

ਪ੍ਰਸ਼ਨ 05. ਛੋਟੇ ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਵਾਲੇ ਜੱਲਾਦ ਕਿੱਥੋਂ ਦੇ ਰਹਿਣ ਵਾਲੇ ਸਨ?

(ੳ) ਪਟਿਆਲਾ (ਅ) ਦਿੱਲੀ

(ੲ) ਚੰਡੀਗੜ੍ਹ (ਸ) ਸਮਾਣਾ

**ਉੱਤਰ- ਸਮਾਣਾ**

ਪ੍ਰਸ਼ਨ 06 ਸਢੌਰੇ ਦਾ ਹਾਕਮ ਕੌਣ ਸੀ?

(ੳ) ਉਸਮਾਨ ਖਾਂ (ਅ) ਸ਼ਾਸ਼ਲ ਬੇਗ

(ੲ) ਸ਼ੇਰ ਖਾਂ (ਸ) ਮੁਹੰਮਦ ਸਲੀਮ

**ਉੱਤਰ- ਉਸਮਾਨ ਖਾਂ**

## PART- 2 A ਇੱਕ ਸ਼ਬਦ ਵਾਲੇ ਪ੍ਰਸ਼ਨ- ਉੱਤਰ

ਪ੍ਰਸ਼ਨ 1. ਬੰਦਾ ਸਿੰਘ ਬਹਾਦਰ ਦਾ ਮੁੱਢਲਾ ਨਾਂ ਕੀ ਸੀ ?

ਉੱਤਰ. ਮਾਧੋਦਾਸ ਬੈਰਾਗੀ

ਪ੍ਰਸ਼ਨ 2. ਬੰਦਾ ਬਹਾਦਰ ਨੂੰ ਪੰਜਾਬ ਕਿਸ ਨੇ ਭੇਜਿਆ ?

ਉੱਤਰ. ਗੁਰੂ ਗੋਬਿੰਦ ਸਿੰਘ ਜੀ ਨੇ

ਪ੍ਰਸ਼ਨ 3. ਮਹਾਰਾਜਾ ਰਣਜੀਤ ਸਿੰਘ ਕਿਸ ਮਿਸਲ ਨਾਲ ਸੰਬੰਧਿਤ ਸੀ ?

ਉੱਤਰ. ਸ਼ੁਕਰਚੱਕੀਆ ਮਿਸਲ

## PART- 2 B ਖ਼ਾਲੀ ਸਥਾਨ ਭਰੋ

1- ਬੰਦਾ ਸਿੰਘ ਬਹਾਦਰ ਨੇ ਸਭ ਤੋਂ ਪਹਿਲਾਂ ___________ਉੱਤੇ ਹਮਲਾ ਕੀਤਾ। **(ਸੋਨੀਪਤ)**

2- ਸਦਾ ਕੌਰ ____________________ ਦੀ ਸੱਸ ਸੀ| **(ਮਹਾਰਾਜਾ ਰਣਜੀਤ ਸਿੰਘ)**

3- ਵਜ਼ੀਰ ਖਾ _______________ਦਾ ਸੂਬੇਦਾਰ ਸੀ । **(ਸਰਹਿੰਦ)**

## PART -2 C ਪ੍ਰਸ਼ਨ ਸਹੀ /ਗ਼ਲਤ ਕਥਨ ਚੁਣੋ

1-ਸਦਾ ਕੌਰ ਭੰਗੀ ਮਿਸਲ ਨਾਲ ਸੰਬੰਧਿਤ ਸੀ। (ਗ਼ਲਤ)

2- ਕੁੱਲ ਮਿਸਲਾਂ ਬਾਰਾਂ ਸਨ । (**ਸਹੀ)**

3- ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਦੇ ਸਿੱਖਾਂ ਦੇ ਨਾਂ 'ਹੁਕਮਨਾਮੇ' ਵੀ ਦਿੱਤੇ| **(ਸਹੀ)**

**4-** ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੂੰ ਬਹੁਤ ਤਸੀਹੇ ਦਿੱਤੇ ਸਨ। **(ਸਹੀ)**

## PART –2 D ਸਹੀ ਮਿਲਾਣ ਕਰੋ।

| | | |
|---|---|---|
| ੳ. ਮਾਧੋ ਦਾਸ ਬੈਰਾਗੀ | 1- | 1716 ਈ. |
| ਅ. ਸੋਨੀਪਤ ਤੇ ਹਮਲਾ | 2- | ਬੰਦਾ ਸਿੰਘ ਬਹਾਦਰ |
| ੲ.ਲਾਹੌਰ ਦਾ ਸੂਬੇਦਾਰ | 3- | ਅਰਬੀ ਭਾਸ਼ਾ ਦਾ ਸ਼ਬਦ |
| ਸ.ਬੰਦਾ ਸਿੰਘ ਬਹਾਦਰ ਦੀ ਸ਼ਹਾਦਤ | 4- | 1708 ਈ. |
| ਹ. ਮਿਸਲ | 5- | ਸੱਯਦ ਅਸਲਮ ਖਾਨ |

**ਉੱਤਰਮਾਲਾ::**

| | | |
|---|---|---|
| ੳ.ਮਾਧੋ ਦਾਸ ਬੈਰਾਗੀ | = | ਬੰਦਾ ਸਿੰਘ ਬਹਾਦਰ |
| ਅ.ਸੋਨੀਪਤ ਤੇ ਹਮਲਾ | = | 1708 ਈ. |
| ੲ.ਲਾਹੌਰ ਦਾ ਸੂਬੇਦਾਰ | = | ਸਦ ਅਸਲਮ ਖਾਨ |
| ਸ.ਬੰਦਾ ਸਿੰਘ ਬਹਾਦਰ ਦੀ ਸ਼ਹਾਦਤ | = | 1716 ਈ. |
| ਹ. ਮਿਸਲ | = | ਅਰਬੀ ਭਾਸ਼ਾ ਦਾ ਸ਼ਬਦ |

## Part – 3 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ

ਪ੍ਰਸ਼ਨ 1. ਬੰਦਾ ਸਿੰਘ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਲਾਕਾਤ ਦਾ ਹਾਲ ਲਿਖੋ|

ਉੱਤਰ- ਗੁਰੂ ਗੋਬਿੰਦ ਸਿੰਘ ਜੀ ਨਾਲ ਮਾਧੋ ਦਾਸ ਬੈਰਾਗੀ ਦੀ ਮੁਲਾਕਾਤ ਦੱਖਣ ਵਿਚ ਹੋਈ ਅਤੇ ਉਹ ਗੁਰੂ ਜੀ ਦਾ 'ਬੰਦਾ' ਬਣ ਗਿਆ। ਗੁਰੂ ਜੀ ਨੇ ਉਸ ਨੂੰ ਆਪਣਾ ਸਿੰਘ ਸਾਜ ਕੇ ਪੰਜਾਬ ਜਾਣ ਦਾ ਆਦੇਸ਼ ਦਿੱਤਾ | ਗੁਰੂ ਜੀ ਨੇ ਉਸ ਨੂੰ ਪੰਜ ਤੀਰ, ਇੱਕ ਖੰਡਾ ਅਤੇ ਇੱਕ ਨਗਾਰਾ ਆਪਣੀ ਸ਼ਕਤੀ ਦੇ ਚਿੰਨ੍ਹ ਵਜੋਂ ਦਿੱਤੇ| ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਦੇ ਸਿਖਾਂ ਦੇ ਨਾਂ 'ਹੁਕਮਨਾਮੇ' ਵੀ ਦਿੱਤੇ ਤਾਂ ਕਿ ਉਹ ਮੁਗਲਾਂ ਵਿਰੁੱਧ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ |

ਪਸ਼ਨ2. ਬੰਦਾ ਸਿੰਘ ਬਹਾਦਰ ਦੇ ਚੱਪੜ-ਚਿੜੀ ਅਤੇ ਸਰਹਿੰਦ 'ਤੇ ਹਮਲੇ ਦੇ ਕੀ ਕਾਰਨ ਸਨ ?

ਉੱਤਰ- ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੂੰ ਬਹੁਤ ਤਸੀਹੇ ਦਿੱਤੇ ਸਨ। ਉਸ ਨੂੰ ਸਬਕ ਸਿਖਾਉਣ ਲਈ ਬੰਦਾ ਸਿੰਘ ਬਹਾਦਰ ਨੇ ਸਰਹਿੰਦ 'ਤੇ ਹਮਲਾ ਕੀਤਾ।

## PART – 4 ਸਰੋਤ ਅਧਾਰਿਤ ਪ੍ਰਸ਼ਨ

### ਹੇਠਾਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ-

ਬਾਬਾ ਬੰਦਾ ਸਿੰਘ ਬਹਾਦਰ ਦਾ ਪਹਿਲਾ ਨਾਮ ਮਾਧੋ ਦਾਸ ਬੈਰਾਗੀ ਸੀ| ਗੁਰੂ ਗੋਬਿੰਦ ਸਿੰਘ ਜਦੋਂ ਦੱਖਣ ਵੱਲ ਗਏ ਤਾਂ ਇਹਨਾ ਦੀ ਭੇਂਟ ਗੁਰੂ ਗੋਬਿੰਦ ਸਿੰਘ ਨਾਲ਼ ਹੋਈ। ਗੁਰੂ ਗੋਬਿੰਦ ਸਿੰਘ ਨੇ ਇਹਨਾਂ ਨੂੰ ਅੰਮ੍ਰਿਤ ਛਕਾ ਕੇ ਗੁਰਬਖਸ਼ ਸਿੰਘ ਨਾਮ ਰੱਖ ਦਿੱਤਾ। ਪਰ ਬਹਾਦਰੀ ਕਾਰਨ ਇਹ ਬੰਦਾ ਸਿੰਘ ਬਹਾਦਰ ਦੇ ਨਾਮ ਨਾਲ ਪ੍ਰਸਿੱਧ ਹੋਏ। ਗੁਰੂ ਗੋਬਿੰਦ ਸਿੰਘ ਨੇ ਆਪਣੇ ਕੁਝ ਸਿੱਖ ਇਹਨਾਂ ਨਾਲ਼ ਲਗਾ ਦਿੱਤੇ ਅਤੇ ਥਾਪੜ੍ਹਾ ਦਿੱਤਾ ਕਿ ਪੰਜਾਬ ਜਾ ਕੇ ਮੁਗ਼ਲ ਹਕੂਮਤ ਨਾਲ਼ ਟੱਕਰ ਲੈਣ। ਇਹਨਾਂ ਨੂੰ ਪੰਜ ਤੀਰ , ਇੱਕ ਖੰਡਾ ਅਤੇ ਇੱਕ ਨਗਾਰਾ ਆਪਣੀ ਸ਼ਕਤੀ ਦੇ ਚਿੰਨ੍ਹ ਵੱਜੋਂ ਦਿਤੇ। ਪੰਜਾਬ ਦੇ ਸਿੱਖਾਂ ਦੇ ਨਾਮ ਕੁਝ ਹੁਕਮਨਾਮੇ ਦਿੱਤੇ ਗਏ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਦਿੱਲੀ ਵਿੱਚ ਸਿੱਖ ਇਕੱਠੇ ਹੋਣੇ ਸ਼ੁਰੂ ਹੋਏ। ਸਭ ਤੋਂ ਪਹਿਲਾਂ ਸੋਨੀਪਤ ਤੇ ਹਮਲਾ ਕੀਤਾ ਗਿਆ। ਫਿਰ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦਾਂ ਦੇ ਸ਼ਹਿਰ ਸਮਾਣੇ ਤੇ ਹਮਲਾ ਕਰਕੇ ਉਸ ਨੂੰ ਤਹਿਸ ਨਹਿਸ ਕਰ ਦਿੱਤਾ। ਸਮਾਣੇ ਮਗਰੋਂ ਸਢੌਰੇ ਤੇ ਹੱਲਾ ਬੋਲਿਆ ਗਿਆ। ਉਸ ਦੇ ਹੁਕਮਰਾਨ ਉਸਮਾਨ ਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਪ੍ਰਸ਼ਨ01. ਬਾਬਾ ਬੰਦਾ ਸਿੰਘ ਬਹਾਦਰ ਦਾ ਪਹਿਲਾ ਨਾਮ ਕੀ ਸੀ?

ਉੱਤਰ: ਬਾਬਾ ਬੰਦਾ ਸਿੰਘ ਬਹਾਦਰ ਦਾ ਪਹਿਲਾ ਨਾਮ ਮਾਧੋਦਾਸ ਬੈਰਾਗੀ ਸੀ।

ਪ੍ਰਸ਼ਨ 02 ਬਾਬਾ ਬੰਦਾ ਸਿੰਘ ਬਹਾਦਰ ਨੇ ਸਭ ਤੋਂ ਪਹਿਲਾਂ ਹਮਲਾ ਕਿੱਥੇ ਕੀਤਾ?

ਉੱਤਰ: ਬਾਬਾ ਬੰਦਾ ਸਿੰਘ ਬਹਾਦਰ ਪਹਿਲਾ ਹਮਲਾ ਸੋਨੀਪਤ ਤੇ ਕੀਤਾ।


ਪ੍ਰਸ਼ਨ:03 . ਸਢੌਰੇ ਦਾ ਹੁਕਮਰਾਨ ਕੌਣ ਸੀ?

ਉੱਤਰ: ਉਸਮਾਨ ਖਾਂ

## PART – 5

**ਪ੍ਰਸ਼ਨ : ਹੇਠਾਂ ਦਿੱਤੇ ਗਏ ਨਕਸ਼ੇ ਵਿੱਚ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਮੁੱਖ ਸਥਾਨ ਦਰਸਾਉ।**

| | | | |
|---|---|---|---|
| 1-ਸਰਹਿੰਦ | 2-ਸਮਾਣਾ | 3-ਗੁਰਦਾਸ ਨੰਗਲ | 4- ਘੁੜਾਮ |
| 5-ਕਪੂਰੀ | 6-ਸਢੌਰਾ | 7-ਕੈਥਲ | 8-ਸੋਨੀਪਤ |



## ਪਾਠ 07

## ਰਣਜੀਤ ਸਿੰਘ , ਮੁੱਢਲਾ ਜੀਵਨ,ਪ੍ਰਾਪਤੀਆਂ ਅਤੇ ਅੰਗਰੇਜ਼ਾਂ ਨਾਲ਼ ਸਬੰਧ।

### PART – 1 ਸਹੀ ਉੱਤਰ ਚੁਣੋ (ਬਹੁ- ਵਿਕਲਪੀ ਪ੍ਰਸ਼ਨ ਉੱਤਰ)

ਪ੍ਰਸ਼ਨ 1- ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ?

ੳ. 13 ਨਵੰਬਰ 1780 ਈ: ਅ. 16 ਨਵੰਬਰ 1675 ਈ:

ੲ. 26 ਨਵੰਬਰ 1760 ਈ: ਸ. 23 ਨਵੰਬਰ 1780 ਈ:

**ਉੱਤਰ- 13 ਨਵੰਬਰ 1780 ਈ:**

ਪ੍ਰਸ਼ਨ 2 ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਦਾ ਨਾਂ ਦੱਸੋ।

ੳ. ਮਹਾਂ ਸਿੰਘ ਅ. ਚੜ੍ਹਤ ਸਿੰਘ

ੲ. ਦਲੀਪ ਸਿੰਘ ਸ. ਇਹਨਾਂ ਵਿੱਚੋਂ ਕੋਈ ਨਹੀਂ

**ਉੱਤਰ- ਮਹਾਂ ਸਿੰਘ**

ਪ੍ਰਸ਼ਨ 3-ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਿਸ ਮਿਸਲ ਵਿੱਚ ਹੋਇਆ?

ੳ. ਰਾਮਗੜ੍ਹੀਆ ਮਿਸਲ ਅ ਸ਼ੁਕਰਚੱਕੀਆ ਮਿਸਲ

ੲ. ਕਨਈਆ ਮਿਸਲ ਸ ਡੱਲੇਵਾਲੀਆ ਮਿਸਲ

**ਉੱਤਰ- ਸ਼ੁਕਰਚੱਕੀਆ ਮਿਸਲ**

ਪ੍ਰਸ਼ਨ 4 ਸਾਹਿਬ ਸਿੰਘ, ਮੋਹਰ ਸਿੰਘ ਅਤੇ ਚੇਤ ਸਿੰਘ ਕੌਣ ਸਨ?

ੳ, ਭੰਗੀ ਮਿਸਲ ਦੇ ਸਰਦਾਰ ਅ. ਕਨ੍ਹਈਆ ਮਿਸਲ ਦੇ ਸਰਦਾਰ

ੲ. ਨੱਕਈ ਮਿਸਲ ਦੇ ਸਰਦਾਰ ਸ ਇਹਨਾਂ ਵਿੱਚੋਂ ਕੋਈ ਨਹੀਂ

**ਉੱਤਰ- ਭੰਗੀ ਮਿਸਲ ਦੇ ਸਰਦਾਰ**

ਪ੍ਰਸ਼ਨ 5. ਤਾਰਾ ਸਿੰਘ 'ਘੇਬਾ' ਕਿਸ ਮਿਸਲ ਦਾ ਨੇਤਾ ਸੀ?

ੳ. ਨੱਕਈ ਮਿਸਲ ਦਾ ਅ. ਸ਼ੁਕਰਚੱਕੀਆ ਮਿਸਲ ਦਾ

ੲ. ਡੱਲੇਵਾਲੀਆ ਮਿਸਲ ਦਾ ਸ. ਕਨ੍ਹਈਆ ਮਿਸਲ ਦਾ

**ਉੱਤਰ- ਡੱਲੇਵਾਲੀਆ ਮਿਸਲ ਦਾ**

### PART – 2 A ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ-

ਪ੍ਰਸ਼ਨ 01. ਮਹਾਰਾਜਾ ਰਣਜੀਤ ਸਿੰਘ ਕਿੰਨਾ ਪੜ੍ਹੇ ਲਿਖੇ ਸਨ?

ਉੱਤਰ: ਮਹਾਰਾਜਾ ਰਣਜੀਤ ਸਿੰਘ ਅਨਪੜ੍ਹ ਸਨ।

ਪ੍ਰਸ਼ਨ02. ਮਹਾਰਾਜਾ ਰਣਜੀਤ ਸਿੰਘ ਦੀ ਸੱਸ ਦਾ ਨਾਮ ਕੀ ਸੀ?

ਉੱਤਰ: ਮਹਾਰਾਜਾ ਰਣਜੀਤ ਸਿੰਘ ਦੀ ਸੱਸ ਦਾ ਨਾਮ ਸਦਾ ਕੌਰ ਸੀ।

ਪ੍ਰਸ਼ਨ 03. ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਦੋਂ ਜਿੱਤ ਪ੍ਰਾਪਤ ਕੀਤੀ ?

ਉੱਤਰ: ਮਹਾਰਾਜਾ ਰਣਜੀਤ ਸਿੰਘ ਨੇ 1799 ਈ. ਵਿੱਚ ਲਾਹੌਰ ਤੇ ਜਿੱਤ ਦਰਜ ਕੀਤੀ

## PART –2 B ਖ਼ਾਲੀ ਸਥਾਨ ਭਰੋ

1-ਮਹਾਰਾਜਾ ਰਣਜੀਤ ਸਿੰਘ ਦੀ ਸੱਸ ਦਾ ਨਾਮ _______ ਸੀ| **(ਸਦਾ ਕੌਰ)**

2-ਬਚਪਨ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ _____ ਦੀ ਬਿਮਾਰੀ ਕਾਰਨ ਚਿਹਰੇ ਤੇ ਦਾਗ਼ ਪੈ ਗਏ ਅਤੇ ਇੱਕ ਅੱਖ ਨੁਕਸਾਨੀ ਗਈ। **(ਚੇਚਕ)**

3-ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਰਾਜਧਾਨ_________ਸੀ। **(ਲਾਹੌਰ)**

## PART – 2 C ਸਹੀ ਜਾਂ ਗ਼ਲਤ ਚੁਣੋ

(1) ਮਹਾਰਾਜਾ ਰਣਜੀਤ ਸਿੰਘ ਇੱਕ ਕਮਜ਼ੋਰ ਰਾਜਾ ਸੀ। (×)

(2) ਮਹਾਰਾਜਾ ਰਣਜੀਤ ਸਿੰਘ ਅਨਪੜ੍ਹ ਸਨ। (✓)

(3) ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ਾਲ ਰਾਜ ਕਾਇਮ ਕਰ ਲਿਆ ਸੀ। (✓)

## PART –2 D ਸਹੀ ਮਿਲਾਣ ਕਰੋ।

| A | | B |
|---|---|---|
| ੳ.ਰਣਜੀਤ ਸਿੰਘ ਦਾ ਜਨਮ | 1- | ਸਦਾ ਕੌਰ |
| ਅ.ਰਣਜੀਤ ਸਿੰਘ ਦੇ ਪਿਤਾ ਦਾ ਨਾਮ | 2- | 13 ਨਵੰਬਰ 1780 |
| ੲ. ਰਣਜੀਤ ਸਿੰਘ ਦੀ ਮਾਤਾ ਦਾ ਨਾਮ | 3- | ਮਹਾਂ ਸਿੰਘ |
| ਸ.ਰਣਜੀਤ ਸਿੰਘ ਦੇ ਦਾਦਾ ਦਾ ਨਾਮ | 4- | ਰਾਜ ਕੌਰ |
| ਹ.ਰਣਜੀਤ ਸਿੰਘ ਦੀ ਸੱਸ ਦਾ ਨਾਮ | 5- | ਚੜ੍ਹਤ ਸਿੰਘ |

**ਉੱਤਰਮਾਲਾ::**

| | | |
|---|---|---|
| ੳ. ਮਹਾਰਾਜਾ ਰਣਜੀਤ ਸਿੰਘ ਦਾ ਜਨਮ | = | 13 ਨਵੰਬਰ 1780 |
| ਅ.ਰਣਜੀਤ ਸਿੰਘ ਦੇ ਪਿਤਾ ਦਾ ਨਾਮ | = | ਮਹਾਂ ਸਿੰਘ |
| ੲ. ਰਣਜੀਤ ਸਿੰਘ ਦੀ ਮਾਤਾ ਦਾ ਨਾਮ | = | ਰਾਜ ਕੌਰ |
| ਸ. ਰਣਜੀਤ ਸਿੰਘ ਦੇ ਦਾਦਾ ਦਾ ਨਾਮ | = | ਚੜ੍ਹਤ ਸਿੰਘ |
| ਹ.ਰਣਜੀਤ ਸਿੰਘ ਦੀ ਸੱਸ ਦਾ ਨਾਮ | = | ਸਦਾ ਕੌਰ |

# ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ-

ਪ੍ਰਸ਼ਨ 1. ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਅਤੇ ਸਿੱਖਿਆ ਬਾਰੇ ਲਿਖੋ।

ਉੱਤਰ: ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਈਸਵੀ ਵਿੱਚ ਮਹਾਂ ਸਿੰਘ ਦੇ ਘਰ ਹੋਇਆ।ਪੰਜ ਸਾਲ ਦੀ ਉਮਰ ਵਿੱਚ ਉਸਨੂੰ ਸਿੱਖਿਆ ਪ੍ਰਾਪਤ ਕਰਨ ਲਈ ਭੇਜਿਆ ਗਿਆ ਪਰ ਪੜ੍ਹਾਈ ਲਿਖਾਈ ਵਿਚ ਉਸਦੀ ਕੋਈ ਰੁਚੀ ਨਹੀਂ ਸੀ। ਪਰ ਉਹ ਜਲਦੀ ਹੀ ਇੱਕ ਚੰਗਾ ਘੋੜ੍ਹਸਵਾਰ, ਤਲਵਾਰਬਾਜ਼ ਅਤੇ ਨਿਪੁੰਨ ਤੀਰਅੰਦਾਜ਼ ਬਣ ਗਿਆ ਸੀ।ਬਚਪਨ ਵਿੱਚ ਹੀ ਉਸਨੂੰ ਚੇਚਕ ਹੋਣ ਕਾਰਣ ਉਸਦੇ ਚੇਹਰੇ ਤੇ ਦਾਗ ਪੈ ਗਏ ਅਤੇ ਖੱਬੀ ਅੱਖ ਵੀ ਜਾਂਦੀ ਰਹੀ।

ਪ੍ਰਸ਼ਨ 2 . ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਦੀਆਂ ਬਹਾਦਰੀ ਦੀਆਂ ਘਟਨਾਵਾਂ ਦਾ ਹਾਲ ਲਿਖੋ।

ਉੱਤਰ: ਬਚਪਨ ਤੋਂ ਹੀ ਮਹਾਰਾਜਾ ਰਣਜੀਤ ਸਿੰਘ ਬੜਾ ਬਹਾਦਰ ਸੀ। ਦਸ ਸਾਲ ਦੀ ਉਮਰ ਵਿੱਚ ਉਹ ਸਹੋਦਰਾ ਉੱਤੇ ਹਮਲਾ ਕਰਨ ਲਈ ਆਪਣੇ ਪਿਤਾ ਜੀ ਨਾਲ ਗਿਆ| ਉਸਨੇ ਦੁਸ਼ਮਣ ਨੂੰ ਬੁਰੀ ਤਰ੍ਹਾਂ ਹਰਾਇਆ ਅਤੇ ਗੋਲਾ-ਬਾਰੂਦ ਵੀ ਆਪਣੇ ਕਬਜ਼ੇ ਵਿੱਚ ਕਰ ਲਿਆ। ਇੱਕ ਵਾਰ ਬਾਲਕ ਰਣਜੀਤ ਸਿੰਘ ਜਦੋਂ ਇਕੱਲਾ ਸ਼ਿਕਾਰ ਤੋਂ ਵਾਪਿਸ ਆ ਰਿਹਾ ਸੀ ਤਾਂ ਹਸ਼ਮਤ ਖਾਂ ਨੇ ਉਸ ਤੇ ਛੁਪ ਕੇ ਹਮਲਾ ਕਰ ਦਿੱਤਾ। ਬਾਲਕ ਰਣਜੀਤ ਸਿੰਘ ਨਾ ਸਿਰਫ ਉਸਦੇ ਤਲਵਾਰ ਦੇ ਵਾਰ ਤੋਂ ਬਚਿਆ ਬਲਕਿ ਇੱਕੋ ਵਾਰ ਨਾਲ ਹੀ ਦੁਸ਼ਮਣ ਦਾ ਖਾਤਮਾ ਕਰ ਦਿੱਤਾ।

**PART – 4 ਸਰੋਤ ਅਧਾਰਿਤ ਪ੍ਰਸ਼ਨ**

**ਹੇਠਾਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ-**

ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਈ. ਨੂੰ ਸ਼ੁਕਰਚੱਕੀਆ ਮਿਸਲ ਦੇ ਮਹਾਂ ਸਿੰਘ ਦੇ ਘਰ ਹੋਇਆ। ਮਹਾਰਾਜਾ ਰਣਜੀਤ ਸਿੰਘ ਦੇ ਦਾਦੇ ਦਾ ਨਾਮ ਸਰਦਾਰ ਚੜ੍ਹਤ ਸਿੰਘ ਸੀ। ਉਹ ਸ਼ੁਕਰਚੱਕੀਆ ਮਿਸਲ ਦੇ ਬਾਨੀ ਸਨ। ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਦਾ ਨਾਮ ਰਾਜ ਕੌਰ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਮੁੱਢਲੀ ਪੜ੍ਹਾਈ -ਲਿਖਾਈ ਲਈ ਗੁੱਜਰਾਂਵਾਲਾ ਵਿਖੇ ਭਾਈ ਭਾਗੂ ਸਿੰਘ ਦੀ ਧਰਮਸ਼ਾਲਾ ਵਿੱਚ ਭੇਜਿਆ। ਇੱਥੇ ਰਣਜੀਤ ਸਿੰਘ ਨੇ ਪੜ੍ਹਾਈ ਵਿੱਚ ਕੋਈ ਦਿਲਚਸਪੀ ਨਾ ਵਿਖਾਈ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਅਨਪੜ੍ਹ ਹੀ ਰਿਹਾ । ਮਹਾਰਾਜਾ ਰਣਜੀਤ ਸਿੰਘ ਨੇ ਬਚਪਨ ਵਿੱਚ ਹੀ ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਸਿੱਖ ਲਈ। ਦਸਾਂ ਸਾਲਾਂ ਦੀ ਉਮਰ ਵਿੱਚ ਉਸ ਨੇ ਆਪਣੇ ਪਿਤਾ ਦਾ ਲੜਾਈ ਵਿੱਚ ਸਾਥ ਦਿੱਤਾ। ਛੋਟੀ ਉਮਰ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਮਿਸਲ ਦੀ ਅਗਵਾਈ ਕੀਤੀ। ਬਚਪਨ ਵਿੱਚ ਚੇਚਕ ਦੀ ਬਿਮਾਰੀ ਕਾਰਨ ਚਿਹਰੇ ਤੇ ਦਾਗ਼ ਪੈ ਗਏ ਅਤੇ ਇੱਕ ਅੱਖ ਨੁਕਸਾਨੀ ਗਈ। ਪਿਤਾ ਦੀ ਮੌਤ ਪਿੱਛੋਂ ਉਮਰ ਛੋਟੀ ਹੋਣ ਕਾਰਨ ਰਾਜ ਦੀ ਵਾਗਡੋਰ ਸਦਾ ਕੌਰ, ਰਾਜ ਕੌਰ ਅਤੇ ਦੀਵਾਨ ਲਖਪਤ ਰਾਇ ਦੇ ਹੱਥਾਂ ਵਿੱਚ ਰਹੀ। ਰਣਜੀਤ ਸਿੰਘ ਨੂੰ ਰਸਮੀ ਤੌਰ ਤੇ 17 ਸਾਲ ਦੀ ਉਮਰ ਵਿੱਚ ਰਾਜਭਾਗ ਮਿਲਿਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਦੂਰ ਦ੍ਰਿਸ਼ਟੀ ਨਾਲ਼ ਆਪਣੇ ਰਾਜ ਦਾ ਵਿਸਥਾਰ ਕੀਤਾ। ਉਸ ਨੇ ਬਹੁਤ ਸਾਰੀਆਂ ਲੜਾਈਆਂ ਲੜੀਆਂ ਅਤੇ ਜਿੱਤ ਹਾਸਲ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਕਈ ਵਿਆਹ ਕੀਤੇ। ਉਸ ਦੇ ਜੇਠੇ ਪੁੱਤਰ ਦਾ ਨਾਮ ਖੜਕ ਸਿੰਘ ਸੀ। ਰਣਜੀਤ ਸਿੰਘ ਦੀ ਮੌਤ ਪਿੱਛੋਂ ਉਸ ਦੇ ਰਾਜ ਭਾਗ ਨੂੰ ਉਸ ਦੇ ਵਾਰਸਾਂ ਨੇ ਨਾ ਸੰਭਾਲਿਆ। ਸਿੱਟੇ ਵਜੋਂ ਅੰਗਰੇਜ਼ ਹਕੂਮਤ ਹੱਥੋਂ ਹਾਰ ਗਏ।

ਪ੍ਰਸ਼ਨ 01. ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਦਾ ਨਾਮ ਕੀ ਸੀ?

ਉੱਤਰ: ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਦਾ ਨਾਮ ਰਾਜ ਕੌਰ ਸੀ।

ਪ੍ਰਸ਼ਨ 02. ਮਹਾਰਾਜਾ ਰਣਜੀਤ ਸਿੰਘ ਕਿਸ ਮਿਸਲ ਨਾਲ਼ ਸਬੰਧਿਤ ਸਨ?

ਉੱਤਰ: ਮਹਾਰਾਜਾ ਰਣਜੀਤ ਸਿੰਘ ਸ਼ੁੱਕਰਚੱਕੀਆ ਮਿਸਲ ਨਾਲ਼ ਸਬੰਧਿਤ ਸਨ।

ਪ੍ਰਸ਼ਨ 03 . ਮਹਾਰਾਜਾ ਰਣਜੀਤ ਸਿੰਘ ਨੇ ਕਿੰਨੇ ਸਾਲ ਦੀ ਉਮਰ ਵਿੱਚ ਰਾਜਭਾਗ ਸੰਭਾਲਿਆ?

ਉੱਤਰ: ਮਹਾਰਾਜਾ ਰਣਜੀਤ ਸਿੰਘ ਨੇ ਸਤਾਰਾਂ ਸਾਲ ਦੀ ਉਮਰ ਵਿੱਚ ਰਾਜਭਾਗ ਸੰਭਾਲਿਆ।

## ਪਾਠ- 8

## ਅੰਗਰੇਜਾਂ ਅਤੇ ਸਿੱਖਾਂ ਦੇ ਯੁੱਧ ਅਤੇ ਪੰਜਾਬ ਉੱਤੇ ਅੰਗਰੇਜਾਂ ਦਾ ਕਬਜ਼ਾ

### PART –1 ਸਹੀ ਉੱਤਰ ਚੁਣੋ (ਬਹੁ- ਵਿਕਲਪੀ ਪ੍ਰਸ਼ਨ ਉੱਤਰ)

ਪ੍ਰਸ਼ਨ 1. ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਕੌਣ ਉਸ ਦਾ ਉਤਰਾਧਿਕਾਰੀ ਬਣਿਆ ?

1) ਰਾਣੀ ਜਿੰਦਾ 2) ਸ਼ੇਰ ਸਿੰਘ

3) ਖੜਕ ਸਿੰਘ 4) ਨੌਨਿਹਾਲ ਸਿੰਘ

**ਉੱਤਰ: ਖੜਕ ਸਿੰਘ**

ਪ੍ਰਸ਼ਨ 2. ਦੂਜੇ ਅੰਗਰੇਜ- ਸਿੱਖ ਯੁੱਧ ਦੇ ਸਮੇ ਪੰਜਾਬ ਦਾ ਸ਼ਾਸ਼ਕ ਕੌਣ ਸੀ ?

1) ਮਹਾਰਾਜਾ ਰਣਜੀਤ ਸਿੰਘ **2) ਮਹਾਰਾਜਾ ਦਲੀਪ ਸਿੰਘ**

3) ਸਰਦਾਰ ਰੰਜੋਧ ਸਿੰਘ ਮਜੀਠੀਆ 4) ਮਹਾਰਾਣੀ ਜਿੰਦਾ

**ਉੱਤਰ: ਮਹਾਰਾਜਾ ਦਲੀਪ ਸਿੰਘ**

ਪ੍ਰਸ਼ਨ 3 ਮਹਾਰਾਣੀ ਜਿੰਦਾ ਨੂੰ ਦੇਸ਼ ਨਿਕਾਲਾ ਦੇ ਕੇ ਕਿਸ ਦੇਸ਼ ਭੇਜਿਆ ?

1) ਕਾਨਪੁਰ **2) ਬਨਾਰਸ**

3) ਗੁਜਰਾਤ 4) ਝਾਂਸੀ

**ਉੱਤਰ: ਬਨਾਰਸ**

ਪ੍ਰਸ਼ਨ 4 ਅੰਗਰੇਜਾਂ ਦੇ ਕਬਜ਼ੇ ਤੋਂ ਬਾਅਦ ਕੋਹੇਨੂਰ ਹੀਰਾ ਕਿੱਥੇ ਭੇਜ ਦਿੱਤਾ ਗਿਆ ?

1) ਫਰਾਂਸ **2) ਇੰਗਲੈਂਡ**

3) ਜਾਪਾਨ 4) ਅਮਰੀਕਾ

ਉੱਤਰ: **ਇੰਗਲੈਂਡ**

ਪ੍ਰਸ਼ਨ 5 ਕਿਹੜੀ ਲੜਾਈ ਵਿੱਚ ਸਿਖਾਂ ਦੀ ਜਿੱਤ ਹੋਈ ?

**1) ਬੱਦੋਵਾਲ** 2) ਮੁੱਦਕੀ

3) ਰਾਮਨਗਰ 4) ਫਿਰੋਜ਼ਸ਼ਾਹ

ਉੱਤਰ: **ਬੱਦੋਵਾਲ**

### PART – A ਇੱਕ ਸ਼ਬਦ ਤੋਂ ਇੱਕ ਵਾਕ ਵਾਲੇ ਪ੍ਰਸ਼ਨ

ਪ੍ਰਸ਼ਨ:1. ਮੁਦਕੀ ਦੀ ਲੜਾਈ ਕਿਸ ਦੇ ਵਿਚਕਾਰ ਲੜੀ ਗਈ ?

ਉੱਤਰ: ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ

ਪ੍ਰਸ਼ਨ:2. ਮਹਾਰਾਜਾ ਰਣਜੀਤ ਸਿੰਘ ਦੀ ਮੌਤ ਕਦੋਂ ਹੋਈ ?

ਉੱਤਰ: 1839 ਈ.

ਪ੍ਰਸ਼ਨ:3. ਮੁਦਕੀ ਦੀ ਲੜਾਈ ਵਿੱਚ ਕਿਸ ਸਿੱਖ ਸਰਦਾਰ ਨੇ ਗੱਦਾਰੀ ਕੀਤੀ ?

ਉੱਤਰ: ਲਾਲ ਸਿੰਘ

## PART –2 B ਖਾਲੀ ਥਾਂਵਾਂ ਭਰੋ

1) ਰਣਜੀਤ ਸਿੰਘ ਦੀ ਮੌਤ ਪਿੱਛੋਂ ਉਸ ਦੇ ਵਾਰਸ_________ ਸਾਬਤ ਹੋਏ। (ਕਮਜ਼ੋਰ)

2) ਦੂਜੇ ਐਂਗਲੋ ਸਿੱਖ ਯੁੱਧ ਦੇ ਨਤੀਜੇ ਵੱਜੋਂ ______________ਹੀਰਾ ਅੰਗਰੇਜ਼ਾਂ ਨੂੰ ਮਿਲਿਆ ਸੀ । (ਕੋਹੇਨੂਰ)

3) ਮੁਦਕੀ ਦੀ ਲੜਾਈ ਵਿੱਚ ਸਿੱਖ ਸੈਨਿਕ________ ਨਾਲ਼ ਲੜੇ । (ਬਹਾਦਰੀ)

## PART – C ਸਹੀ ਜਾਂ ਗ਼ਲਤ ਚੁਣੋ

1. ਸਭਰਾਓਂ ਦੀ ਲੜਾਈ 10 ਫਰਵਰੀ 1846 ਈ ਵਿਚ ਹੋਈ । (✓)

2. ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਉਸ ਦਾ ਉਤਰਾਧਿਕਾਰੀ ਸ਼ੇਰ ਸਿੰਘ ਬਣਿਆ। (×)

2. ਮੂਲ ਰਾਜ ਮੁਲਤਾਨ ਦਾ ਗਵਰਨਰ ਸੀ ।(✓)

## PART –2 (D) ਸਹੀ ਮਿਲਾਣ ਕਰੋ।

| A | | B |
|---|---|---|
| ੳ. ਫਿਰੋਜ਼ਪੁਰ ਤੇ ਕਬਜ਼ਾ | 1- | 08 ਮਾਰਚ 1846 |
| ਅ. ਮੁਦਕੀ ਦੀ ਲੜਾਈ | 2- | 21ਜਨਵਰੀ 1846 |
| ੲ. ਬੱਦੋਵਾਲ ਦੀ ਲੜਾਈ | 3- | 18 ਦਿਸੰਬਰ 1845 |
| ਸ. ਲਾਹੌਰ ਦੀ ਪਹਿਲੀ ਸੰਧੀ | 4- | 1835 ਈ. |

**ਉੱਤਰਮਾਲਾ:**

| | | |
|---|---|---|
| ੳ. ਫਿਰੋਜ਼ਪੁਰ ਤੇ ਕਬਜ਼ਾ | = | 1835 ਈ. |
| ਅ. ਮੁਦਕੀ ਦੀ ਲੜਾਈ | = | 18 ਦਿਸੰਬਰ 1845 |
| ੲ. ਬੱਦੋਵਾਲ ਦੀ ਲੜਾਈ | = | 21 ਜਨਵਰੀ 1846 |
| ਸ. ਲਾਹੌਰ ਦੀ ਪਹਿਲੀ ਸੰਧੀ | = | 8 ਮਾਰਚ 1846 |

## PART 3 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ

**ਪ੍ਰਸ਼ਨ. ਭੈਰੋਵਾਲ ਦੀ ਸੰਧੀ ਤੋਂ ਬਾਅਦ ਅੰਗਰੇਜਾਂ ਨੇ ਰਾਣੀ ਜਿੰਦਾਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ?**

ਉੱਤਰ- 1. **ਮਹਾਰਾਣੀ ਜਿੰਦਾਂ ਨੂੰ ਰਾਜ ਤੋਂ ਵੱਖ ਕਰ ਦਿੱਤਾ ਗਿਆ।**

2. **ਮਹਾਰਾਣੀ ਨੂੰ ਡੇਢ ਲੱਖ ਪੈਨਸ਼ਨ ਦੇ ਦਿੱਤੀ ਗਈ।**

3. **ਕੁਝ ਸਮੇਂ ਬਾਅਦ ਉਸਨੂੰ ਸ਼ੇਖੂਪੁਰਾ ਭੇਜ ਦਿੱਤਾ ਗਿਆ।**

**ਪ੍ਰਸ਼ਨ. ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ ?**

**ਉੱਤਰ- ਮਹਾਰਾਜਾ ਦਲੀਪ ਸਿੰਘ ਪੰਜਾਬ ਦਾ ਆਖਰੀ ਸਿੱਖ ਹਾਕਮ ਸੀ । ਪਹਿਲੇ ਐਂਗਲੋ-ਸਿੱਖ ਯੁੱਧ ਸਮੇਂ ਉਹ ਨਾਬਾਲਿਗ ਸੀ |ਇਸ ਲਈ ਭੈਰੋਵਾਲ ਦੀ ਸੰਧੀ ਅਨੁਸਾਰ ਰਾਜ ਦਾ ਸ਼ਾਸਨ ਪ੍ਰਬੰਧ ਕੌਂਸਿਲ ਆਫ ਰੀਜੈਂਸੀ ਕੋਲ ਚਲਾ ਗਿਆ। ਪਰ ਦੂਜੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ। ਉਸਨੂੰ ਚਾਰ ਤੋਂ ਪੰਜ ਲੱਖ ਰੁਪਏ ਸਲਾਨਾ ਪੈਨਸ਼ਨ ਦੇ ਦਿੱਤੀ ਗਈ।**

## PART – 4 ਸਰੋਤ ਅਧਾਰਿਤ ਪ੍ਰਸ਼ਨ

**ਹੇਠਾਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ।**

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸਦੇ ਉਤਰਾਧਿਕਾਰੀ ਬਹੁਤ ਕਮਜ਼ੋਰ ਸਿੱਧ ਹੋਏ। ਸਿੱਖ ਦਰਬਾਰ ਵਿੱਚ ਸਾਜਿਸ਼ ਅਤੇ ਫੁੱਟ ਪੈ ਗਈ। ਇਸ ਫੁੱਟ ਦਾ ਅੰਗਰੇਜ਼ਾਂ ਨੇ ਖ਼ੂਬ ਫਾਇਦਾ ਉਠਾਇਆ। ਉਹਨਾਂ ਨੇ ਸਿੱਖਾਂ ਨਾਲ਼ ਦੋ ਯੁੱਧ ਕੀਤੇ। ਯੁੱਧ ਨੀਤੀ ਤਹਿਤ ਉਹਨਾਂ ਨੇ ਫਿਰੋਜ਼ਪੁਰ ਵਿੱਚ ਸੈਨਿਕ ਛਾਉਣੀ ਬਣਾਈ। ਅੰਗਰੇਜਾਂ ਨੇ ਪੰਜਾਬ ਦੀਆਂ ਸਰਹੱਦਾਂ ਉੱਤੇ ਸੈਨਿਕ ਅਤੇ ਤੋਪਾਂ ਦੀ ਗਿਣਤੀ ਵਧਾਈ। ਉੱਧਰ ਲਾਲ ਸਿੰਘ ਅਤੇ ਤੇਜ ਸਿੰਘ ਸਿੱਖ ਸੈਨਾ ਤੋਂ ਡਰਦੇ ਸਨ। ਉਹ ਦੋਨੋਂ ਗੁਪਤ ਤੌਰ ਤੇ ਅੰਗਰੇਜ਼ਾਂ ਨਾਲ਼ ਮਿਲ ਗਏ। ਜਦੋਂ ਦਿਸੰਬਰ 1845 ਵਿੱਚ ਸਿੱਖਾਂ ਦਾ ਪਹਿਲਾ ਯੁੱਧ ਅੰਗਰੇਜਾਂ ਨਾਲ਼ ਹੋਇਆ ਤਾਂ ਪਹਿਲਾਂ ਮਿਥੇ ਅਨੁਸਾਰ ਲਾਲ ਸਿੰਘ ਮੈਦਾਨ ਵਿੱਚੋਂ ਭੱਜ ਗਿਆ। ਸਿੱਖ ਸੈਨਿਕ ਬਹਾਦਰੀ ਨਾਲ ਲੜੇ। ਪਰ ਨੇਤਾ ਦੀ ਗਦਾਰੀ ਕਾਰਨ ਹਾਰ ਗਏ। ਦੂਜੇ ਯੁੱਧ ਵਿੱਚ ਅੰਗਰੇਜਾਂ ਦੀ ਜਿੱਤ ਨਾਲ਼ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ। ਕੋਹੇਨੂਰ ਹੀਰਾ ਅੰਗਰੇਜ਼ਾਂ ਨੇ ਜ਼ਬਤ ਕਰ ਲਿਆ। ਇਹ ਹੀਰਾ ਇੰਗਲੈਂਡ ਦੀ ਮਹਾਰਾਣੀ ਕੋਲ਼ ਅੱਜ ਵੀ ਮੌਜ਼ੂਦ ਹੈ।

ਪ੍ਰਸ਼ਨ 01. ਮਹਾਰਾਜਾ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਉਸ ਦੇ ਉਤਰਾਅਧਿਕਾਰੀ ਕਿਹੋ ਜਿਹੇ ਸਿੱਧ ਹੋਏ?

ਉੱਤਰ: ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸਦੇ ਉਤਰਾਅਧਿਕਾਰੀ ਬਹੁਤ ਕਮਜ਼ੋਰ ਸਿੱਧ ਹੋਏ।

ਪ੍ਰਸ਼ਨ 02. ਅੰਗਰੇਜ਼ਾਂ ਨੇ ਪੰਜਾਬ ਵਿੱਚ ਸੈਨਿਕ ਛਾਉਣੀ ਕਿੱਥੇ ਬਣਾਈ?

ਉੱਤਰ: ਅੰਗਰੇਜਾਂ ਨੇ ਸੈਨਿਕ ਛਾਉਣੀ ਫਿਰੋਜ਼ਪੁਰ ਵਿੱਚ ਬਣਾਈ।


ਪ੍ਰਸ਼ਨ 03 . ਅੰਗਰੇਜਾਂ ਨੇ ਕਿਸ ਨੂੰ ਰਾਜਗੱਦੀ ਤੋਂ ਉਤਾਰ ਦਿੱਤਾ?

ਉੱਤਰ: ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਰਾਜਗੱਦੀ ਤੋਂ ਉਤਾਰ ਦਿੱਤਾ।

## PART –5

**ਪ੍ਰਸ਼ਨ : ਹੇਠਾਂ ਦਿੱਤੇ ਗਏ ਨਕਸ਼ੇ ਵਿੱਚ ਪਹਿਲਾ ਐਂਗਲੋ- ਸਿੱਖ ਯੁੱਧ 1845-46 ਮੁੱਖ ਸਥਾਨ ਦਰਸਾਉ**

**ਫਿਰੋਜ਼ਸ਼ਾਹ, ਸਭਰਾਓ, ਮੁੱਦਕੀ ,ਅਲੀਵਾਲ ,ਬੱਦੋਵਾਲ।**



# ਪਾਠ – 9

# ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦਾ ਯੋਗਦਾਨ

## PART – A ਸਹੀ ਵਿਕਲਪ ਚੁਣੋ।

ਪ੍ਰਸ਼ਨ 1. 1857 ਈਸਵੀ ਦੀ ਬਗਾਵਤ ਸਭ ਤੋਂ ਪਹਿਲਾਂ ਕਿੱਥੋਂ ਆਰੰਭ ਹੋਈ?

1. ਅਮਰੀਕਾ **2. ਮੇਰਠ**

3. ਦਿੱਲੀ 4. ਮੁੰਬਈ

ਉੱਤਰ- **ਮੇਰਠ**

ਪ੍ਰਸ਼ਨ 2. ਨਾਮਧਾਰੀ ਮੁਖੀ ਵੱਲੋਂ ਸੰਪਰਦਾ ਦੇ ਪਰਚਾਰ ਲਈ ਪੰਜਾਬ ਨੂੰ ਕਿੰਨੇ ਸੂਬਿਆਂ ਵਿੱਚ ਵੰਡਿਆ?

**1. 22 ਸੂਬੇ** 2. 25 ਸੂਬੇ

3. 30 ਸੂਬੇ 4. 40 ਸੂਬੇ

ਉੱਤਰ- **22 ਸੂਬੇ**

ਪ੍ਰਸ਼ਨ 3. ਆਰੀਆ ਸਮਾਜ ਦੇ ਬਾਨੀ ਕੌਣ ਸਨ ?

1. ਸ਼ੰਕਰ ਅਚਾਰੀਆ **2. ਸਵਾਮੀ ਦਇਆਨੰਦ ਸਰਸਵਤੀ**

3. ਬਾਬਾ ਸੋਹਣ ਸਿੰਘ ਭਕਨਾ 4. ਸਤਿਗੁਰੂ ਰਾਮ ਸਿੰਘ

ਉੱਤਰ- **ਸਵਾਮੀ ਦਇਆਨੰਦ ਸਰਸਵਤੀ**

ਪ੍ਰਸ਼ਨ 4. ਬਾਬਾ ਗੁਰਦਿੱਤ ਨੇ ਕਿਰਾਏ ਤੇ ਲਈ ਜਹਾਜ ਦਾ ਨਾਮ ਕੀ ਰੱਖਿਆ?

1. **ਗੁਰੂ ਨਾਨਕ ਜਹਾਜ਼** 2. ਖਾਲਸਾ ਜਹਾਜ਼

3. ਹਰੀ ਤੀਰਥ ਜਹਾਜ਼ 4. ਇੰਡੀਅਨ ਏਅਰ ਲਾਈਨ

ਉੱਤਰ- **ਗੁਰੂ ਨਾਨਕ ਜਹਾਜ਼**

ਪ੍ਰਸ਼ਨ 5. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਦੋਂ ਹੋਂਦ ਵਿਚ ਆਈ?

1. ਨਵੰਬਰ 1920 2. ਸਤੰਬਰ 1925

3. ਦਸੰਬਰ 1921 4. ਮਾਰਚ1927

ਉੱਤਰ- **ਨਵੰਬਰ 1920**

## PART- 2 A ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ-

ਪ੍ਰਸ਼ਨ 01. ਅੰਗਰੇਜ਼ ਸਭ ਤੋਂ ਪਹਿਲਾਂ ਕਿਸ ਰੂਪ ਵਿੱਚ ਭਾਰਤ ਆਏ?

ਉੱਤਰ: ਅੰਗਰੇਜ਼ ਸਭ ਤੋਂ ਪਹਿਲਾਂ ਵਪਾਰੀਆਂ ਦੇ ਰੂਪ ਵਿੱਚ ਭਾਰਤ ਆਏ।

ਪ੍ਰਸ਼ਨ 02. ਸਤਿਗੁਰੂ ਰਾਮ ਸਿੰਘ ਨੇ ਕਿਹੜੀ ਲਹਿਰ ਚਲਾਈ?

ਉੱਤਰ: ਸਤਿਗੁਰੂ ਰਾਮ ਸਿੰਘ ਨੇ ਕੂਕਾ ਲਹਿਰ ਚਲਾਈ।

ਪ੍ਰਸ਼ਨ 03. ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਕੌਣ ਸਨ?

ਉੱਤਰ: ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸਨ।

## PART -2 B ਖਾਲੀ ਸਥਾਨ ਭਰੋ

(1) ਆਜ਼ਾਦੀ ਦੀ ਪਹਿਲੀ ਲੜਾਈ ______ ਈ. ਵਿੱਚ ਹੋਈ। **(1857)**

(2) ਆਜ਼ਾਦੀ ਦੀ ਪਹਿਲੀ ਲੜਾਈ ਵਿੱਚ _______ ਨੂੰ ਮਹਾਂ ਨਾਇਕ ਮੰਨਿਆ ਜਾਂਦਾ ਹੈ। **(ਮੰਗਲ ਪਾਂਡੇ)**

(3) ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ__________ਈ. ਵਿੱਚ ਹੋਈ। (**13 ਅਪ੍ਰੈਲ 1919)**

(4) ਜਲ੍ਹਿਆਂਵਾਲਾ ਬਾਗ਼ ਕਾਂਡ_______ ਵਿਖੇ ਹੋਇਆ। **(ਅੰਮ੍ਰਿਤਸਰ)**

## PART – 2 C ਸਹੀ ਜਾਂ ਗ਼ਲਤ ਚੁਣੋ।

(1) ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਅਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ। (✓)

(2) ਜਲਿਆਂ ਵਾਲਾ ਬਾਗ਼ ਜਲੰਧਰ ਵਿਖੇ ਹੈ। (×)

(3) ਅੰਗਰੇਜਾਂ ਨੇ ਪਾੜੋ ਅਤੇ ਰਾਜ ਕਰੋ ਦੀ ਨੀਤੀ ਅਪਣਾਈ।(✓)

## PART –2D ਸਹੀ ਮਿਲਾਣ ਕਰੋ।

| A | | B |
|---|---|---|
| ੳ. ਆਜ਼ਾਦੀ ਦੀ ਪਹਿਲੀ ਲੜਾਈ | 1- | ਗ਼ਦਰ ਪਾਰਟੀ |
| ਅ. 1857 ਈ. ਦੀ ਜੰਗ ਦਾ ਪਹਿਲਾ ਸ਼ਹੀਦ | 2- | ਕੂਕਾ ਅੰਦੋਲਨ |
| ੲ. ਗਊ ਰੱਖਿਆ | 3- | ਮੰਗਲ ਪਾਂਡੇ |
| ਸ. ਲਾਲਾ ਹਰਦਿਆਲ | 4- | ਆਰੀਆ ਸਮਾਜ |
| ਹ. ਸਾਨਫਰਾਂਸਿਸਕੋ | 5- | 1857 ਈ. |

**ਉੱਤਰਮਾਲਾ:**

| | | | |
|---|---|---|---|
| ੳ. | ਆਜ਼ਾਦੀ ਦੀ ਪਹਿਲੀ ਲੜਾਈ | = | 1857 ਈ. |
| ਅ. | 1857 ਈ. ਦੀ ਜੰਗ ਦਾ ਪਹਿਲਾ ਸ਼ਹੀਦ | = | ਮੰਗਲ ਪਾਂਡੇ |
| ੲ | ਗਊ ਰੱਖਿਆ | = | ਕੂਕਾ ਅੰਦੋਲਨ |
| ਸ. | ਲਾਲਾ ਹਰਦਿਆਲ | = | ਆਰੀਆ ਸਮਾਜ |
| ਹ. | ਸਾਨਫਰਾਂਸਿਸਕੋ | = | ਗ਼ਦਰ ਪਾਰਟੀ |

## PART 3 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ

ਪ੍ਰਸ਼ਨ 1. ਸ੍ਰੀ ਸਤਿਗੁਰੂ ਰਾਮ ਸਿੰਘ ਦੀਆਂ ਕਿਹੜੀਆਂ ਗਤੀਵਿਧਿਆਂ ਤੋਂ ਅੰਗਰੇਜਾਂ ਨੂੰ ਡਰ ਲੱਗਦਾ ਸੀ?

ਉੱਤਰ- ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਮੇਸ਼ਾ ਆਪਣੇ ਨਾਲ ਘੋੜ ਸਵਾਰਾਂ ਦੀ ਟੋਲੀ ਰੱਖਦੇ |ਉਹਨਾਂ ਨੇ ਆਪਣਾ ਡਾਕ ਪ੍ਰਬੰਧ ਵੀ ਸ਼ੁਰੂ ਕੀਤਾ |ਪ੍ਰਚਾਰ ਦੀ ਸਹੂਲਤ ਲਈ ਪੰਜਾਬ ਨੂੰ 22 ਸੂਬਿਆਂ ਵਿੱਚ ਵੰਡਿਆ ਹੋਇਆ ਸੀ। ਨਾਮਧਾਰੀਆਂ/ਕੂਕਿਆਂ ਨੇ ਆਪਣੇ ਸਬੰਧ ਕਸ਼ਮੀਰ, ਨੇਪਾਲ,ਰੂਸ ਅਤੇ ਅਫਗਾਨਿਸਤਾਨ ਦੇ ਹਾਕਮਾਂ ਨਾਲ ਜੋੜ੍ਹੇ |ਉਹਨਾਂ ਨੇ ਕੂਕਿਆਂ ਨੂੰ ਫੌਜੀ ਸਿਖਲਾਈ ਵੀ ਦੇਣੀ ਸ਼ੁਰੂ ਕਰ ਦਿੱਤੀ | ਇਹਨਾਂ ਸਭ ਗੱਲਾਂ ਤੋਂ ਅੰਗਰੇਜਾਂ ਨੂੰ ਯਕੀਨ ਹੋ ਗਿਆ ਕਿ ਨਾਮਧਾਰੀ ਸਿੱਖ ਉਹਨਾਂ ਦੇ ਖਿਲਾਫ਼ ਇੱਕ ਦਿਨ ਅੰਦੋਲਨ ਜਰੂਰ ਕਰਨਗੇ।

ਪ੍ਰਸ਼ਨ 2 . ਬਾਬਾ ਗੁਰਦਿੱਤ ਸਿੰਘ ਨੇ ਕੈਨੇਡਾ ਜਾਣ ਵਾਲੇ ਲੋਕਾਂ ਲਈ ਕੀ-ਕੀ ਕੰਮ ਕੀਤੇ?
ਉੱਤਰ- ਪੰਜਾਬ ਦੇ ਕਈ ਲੋਕ ਰੋਜ਼ੀ ਰੋਟੀ ਕਮਾਉਣ ਲਈ ਬਾਹਰ ਜਾਣ ਲਗ ਪਏ ਸਨ। ਕੈਨੇਡਾ ਸਰਕਾਰ ਨੇ ਭਾਰਤੀਆਂ ਦੇ ਕੈਨੇਡਾ ਆਉਣ ਤੇ ਰੋਕ ਲਗਾ ਦਿੱਤੀ ਸੀ। ਪਰ ਕੈਨੇਡਾ ਦੀ ਹਾਈ ਕੋਰਟ ਨੇ ਇਸ ਪਾਬੰਦੀ ਨੂੰ ਹਟਾ ਦਿੱਤਾ |ਪਰ ਅਜੇ ਵੀ ਕੋਈ ਵੀ ਜਹਾਜ ਭਾਰਤੀਆਂ ਨੂੰ ਕੈਨੇਡਾ ਲਿਜਾਉਣ ਲਈ ਤਿਆਰ ਨਹੀਂ ਸੀ। 1913 ਵਿੱਚ ਅੰਮ੍ਰਿਤਸਰ ਦੇ ਬਾਬਾ ਗੁਰਦਿੱਤ ਸਿੰਘ ਨੇ "ਕਾਮਾਗਾਟਾਮਾਰੂ" ਨਾਂ ਦਾ ਇੱਕ ਜਹਾਜ ਕਿਰਾਏ ਤੇ ਲਿਆ ਅਤੇ ਕੈਨੇਡਾ ਜਾਣ ਦੇ ਇੱਛੁਕ ਲੋਕਾਂ ਨੂੰ ਕੈਨੇਡਾ ਲਿਜਾਣ ਦੀ ਕੋਸ਼ਿਸ਼ ਕੀਤੀ|

## PART – 4 ਸਰੋਤ ਅਧਾਰਿਤ ਪ੍ਰਸ਼ਨ

## ਹੇਠਾਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ।

ਅੰਗਰੇਜ਼ਾਂ ਵਿਰੁੱਧ ਕੀਤੇ ਸ਼ੰਘਰਸ਼ ਵਿੱਚ ਪੰਜਾਬ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ। 1857 ਈ. ਦੇ ਵਿਦਰੋਹ ਵਿੱਚ ਜਦੋਂ ਮੇਰਠ ਵਿੱਚ ਮੰਗਲ ਪਾਂਡੇ ਵੱਲੋਂ ਅਤੇ ਹੋਰ ਸੈਨਿਕਾਂ ਦੇ ਵਿਦਰੋਹ ਦੀ ਖ਼ਬਰ ਲਾਹੌਰ ਪੁੱਜੀ ਤਾਂ ਸਾਰੇ ਸਿੱਖ ਸੈਨਿਕ ਬੇਹਥਿਆਰ ਕਰ ਦਿੱਤੇ ਗਏ। ਫਿਰ ਵੀ ਜਲੰਧਰ , ਫਿਲੌਰ, ਜਿਹਲਮ, ਸਿਆਲਕੋਟ, ਅਤੇ ਥਾਨੇਸਰ ਵਿਖੇ ਪੰਜਾਬੀ ਸੈਨਿਕਾਂ ਨੇ ਬਗਾਵਤ ਕੀਤੀ। ਕੂਕਾ ਲਹਿਰ ਦੇ ਮੁਖੀ ਸਤਿਗੁਰੂ ਰਾਮ ਸਿੰਘ ਵਲੋਂ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਨਵੀਂ ਜਥੇਬੰਦੀ ਨਾਮਧਾਰੀ ਲਹਿਰ ਚਲਾਈ। ਇਸ ਲਹਿਰ ਨੇ ਕੁਝ ਸਮਾਜ ਸੁਧਾਰ ਕੀਤੇ ਅਤੇ ਅੰਗਰੇਜ਼ਾਂ ਵਿਰੁੱਧ ਕਈ ਕਦਮ ਉਠਾਏ। ਸਿੱਟੇ ਵਜੋਂ ਅੰਗਰੇਜਾਂ ਨੇ 49 ਕੂਕਿਆਂ ਨੂੰ 17 ਜਨਵਰੀ 1872 ਨੂੰ ਤੋਪਾਂ ਨਾਲ ਉਡਾ ਦਿੱਤਾ। ਸਤਿਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ ਭੇਜ ਦਿੱਤਾ। ਆਰੀਆ ਸਮਾਜ ਦੇ ਪ੍ਰਭਾਵ ਹੇਠ ਆ ਕੇ ਪੰਜਾਬ ਨੇ ਲਾਲਾ ਲਾਜਪਤ ਰਾਏ, ਲਾਲਾ ਹਰਦਿਆਲ ਅਤੇ ਸ਼ਰਧਾ ਨੰਦ ਵਰਗੇ ਪੰਜਾਬੀ ਅੰਗਰੇਜ਼ਾਂ ਵਿਰੁੱਧ ਸ਼ੰਘਰਸ਼ ਵਿੱਚ ਅੱਗੇ ਆਏ। ਕਿਸਾਨਾਂ ਨੇ ਵੀ ਆਜ਼ਾਦੀ ਦੇ ਸੰਘਰਸ਼ ਵਿੱਚ ਬਣਦਾ ਯੋਗਦਾਨ ਪਾਇਆ। ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਕਿਸਾਨੀ ਸੰਘਰਸ਼ ਵਿਚੋਂ ਪੈਦਾ ਹੋਕੇ ਅੱਗੇ ਆਏ। 1913 ਵਿੱਚ ਗ਼ਦਰ ਪਾਰਟੀ ਨੇ ਬਾਬਾ ਸੋਹਣ ਸਿੰਘ ਭਕਨਾ, ਕਾਂਸ਼ੀ ਰਾਮ, ਕੇਸਰ ਸਿੰਘ ਵਰਗੇ ਪੰਜਾਬੀਆਂ ਨੂੰ ਉਭਾਰਿਆ। ਕਰਤਾਰ ਸਿੰਘ ਸਰਾਭਾ ਇਸ ਪਾਰਟੀ ਦਾ ਇੱਕ ਵਿਲੱਖਣ ਯੋਧਾ ਸੀ। ਕਾਮਾਗਾਟਾ ਮਾਰੂ ਜਹਾਜ਼ ਰਾਹੀਂ ਬਾਬਾ ਗੁਰਦਿੱਤ ਸਿੰਘ ਦੇਸ਼ ਦੀ ਆਜ਼ਾਦੀ ਵਿੱਚ ਉੱਭਰੇ ਅਤੇ ਊਧਮ ਸਿੰਘ ਸੁਨਾਮ ਨੇ ਇੰਗਲੈਂਡ ਜਾ ਕੇ ਜਲਿਆਂ ਵਾਲ਼ਾ ਬਾਗ਼ ਕਾਂਡ ਦਾ ਬਦਲਾ ਲਿਆ। ਪੰਜਾਬੀਆਂ ਨੇ ਸਾਈਮਨ ਕਮਿਸ਼ਨ ਦਾ ਵਿਰੋਧ ਕੀਤਾ । ਇਸ ਵਿਰੋਧ ਕਾਰਨ ਲਾਲਾ ਲਾਜਪਤ ਰਾਏ ਫੱਟੜ ਹੋਏ ਅਤੇ ਬਾਅਦ ਵਿੱਚ ਦਮ ਤੋੜ ਗਏ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਨੌਜਵਾਨ ਭਾਰਤ ਸਭਾ ਦਾ ਗਠਨ ਕਰਕੇ ਅੰਗਰੇਜਾਂ ਦੀ ਨੀਂਦ ਹਰਾਮ ਕੀਤੀ। 23 ਮਾਰਚ 1931 ਨੂੰ ਇਹ ਸੂਰਮੇ ਫਾਂਸੀ ਦਾ ਰੱਸਾ ਚੁੰਮ ਗਏ। ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਅਜ਼ਾਦ ਹਿੰਦ ਫ਼ੌਜ ਦਾ ਨਿਰਮਾਣ ਕੀਤਾ। ਇਸ ਫੌਜ ਨੇ ਅੰਗਰੇਜ਼ਾਂ ਵਿਰੁੱਧ ਕੀਤੇ ਸੰਘਰਸ਼ ਵਿੱਚ ਬਣਦਾ ਯੋਗਦਾਨ ਪਾਇਆ।
ਪ੍ਰਸ਼ਨ 01. 1857 ਈ. ਦੇ ਵਿਦਰੋਹ ਵਿੱਚ ਪੰਜਾਬੀਆਂ ਨੇ ਕਿੱਥੇ ਕਿੱਥੇ ਬਗਾਵਤ ਕੀਤੀ?
ਉੱਤਰ: 1857ਈ. ਵਿੱਚ ਪੰਜਾਬੀਆਂ ਨੇ ਜਲੰਧਰ, ਫਿਲੌਰ ਅਤੇ ਸਿਆਲਕੋਟ ਆਦਿ ਥਾਵਾਂ ਤੇ ਬਗਾਵਤ ਕੀਤੀ।
ਪ੍ਰਸ਼ਨ 02 ਜਲ੍ਹਿਆਂ ਵਾਲੇ ਬਾਗ਼ ਕਾਂਡ ਦਾ ਬਦਲਾ ਕਿਸ ਪੰਜਾਬੀ ਨੇ ਲਿਆ?
ਉੱਤਰ: ਜਲ੍ਹਿਆਂ ਵਾਲੇ ਬਾਗ਼ ਕਾਂਡ ਦਾ ਬਦਲਾ ਊਧਮ ਸਿੰਘ ਸੁਨਾਮ ਨੇ ਇੰਗਲੈਂਡ ਵਿੱਚ ਜਾ ਕੇ ਲਿਆ।
ਪ੍ਰਸ਼ਨ 03 . ਅਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕਿਸ ਨੇ ਕੀਤੀ?
ਉੱਤਰ: ਅਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਕੀਤੀ।

# (ਨਾਗਰਿਕ ਸ਼ਾਸਤਰ)

## ਪਾਠ: 1 ਲੋਕਤੰਤਰ: ਕਿਰਿਆਸ਼ੀਲਤਾ ਤੇ ਕਾਰਜ ਸੰਚਾਲਣ

**ਸਹੀ ਵਿਕਲਪ ਚੁਣੋ।**

(1) ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਵਿੱਚ ਕਿਹੜਾ ਤੱਤ 'ਸਿੱਖ ਰਾਜ' ਵਿੱਚੋਂ ਗਾਇਬ ਸੀ?

(i) ਨਿਆਂਇਕ ਪ੍ਰਬੰਧ (ii) ਸੰਪਰਦਾਇਕ ਵੰਡ

(iii) ਸੱਭਿਆਚਾਰਕ ਗਤੀਵਿਧੀਆਂ (iv) ਯੂਰਪੀ ਨਸਲ ਦੇ ਅਫ਼ਸਰ

ਉੱਤਰ- ਸੰਪਰਦਾਇਕ ਵੰਡ

(2) ਹੇਠ ਲਿਖਿਆਂ ਵਿੱਚੋਂ ਕਿਹੜੇ ਸੰਨ੍ਹ ਵਿੱਚ ਲੋਕ ਸਭਾ ਚੋਣਾਂ ਨਹੀਂ ਹੋਈਆਂ?

(i) 2004 (ii) 2009

(iii) 2011 (iv) 2014

ਉੱਤਰ- 2011

(3) ਇਸਾਈਆਂ ਵਿਰੁੱਧ ਸੰਪਰਦਾਇਕ ਹਿੰਸਾ ਕਿਹੜੇ ਸੂਬੇ ਵਿੱਚ ਵਾਪਰੀ ਸੀ?

(i) ਉੜੀਸ਼ਾ (ii) ਕੇਰਲ

(iii) ਰਾਜਸਥਾਨ (iv) ਮਨੀਪੁਰ

ਉੱਤਰ - ਓੜੀਸ਼ਾ

**ਖਾਲੀ ਥਾਂ ਭਰੋ**

1. ਲੋਕਤੰਤਰ ਵਿੱਚ ਸਰਕਾਰ ਦੀ ਚੋਣ __________ ਰਾਹੀਂ ਹੁੰਦੀ ਹੈ।
2. ਸੰਵਿਧਾਨ ਨਾਗਰਿਕਾਂ ਦੇ __________ ਅਤੇ ਕਰਤਵਿਆਂ ਦੀ ਗਾਰੰਟੀ ਦਿੰਦਾ ਹੈ।

**ਠੀਕ/ਗਲਤ**

1. ਲੋਕਤੰਤਰਿਕ ਪ੍ਰਣਾਲੀ ਵਿੱਚ ਮੀਡੀਆ ਦੀ ਕੋਈ ਭੂਮਿਕਾ ਨਹੀਂ ਹੁੰਦੀ। (×)

2.ਲੋਕਤੰਤਰ ਵਿੱਚ ਨੀਤੀ-ਨਿਰਧਾਰਣ ਲੋਕਾਂ ਦੀ ਇੱਛਾ ਨਾਲ ਜੁੜਿਆ ਹੁੰਦਾ ਹੈ। (✓)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ-**

(1) ਸਮਾਜਿਕ ਵਰਗੀਕਰਨ ਦੇ ਕੋਈ ਦੋ ਕਾਰਕ ਕਿਹੜੇ-ਕਿਹੜੇ ਹਨ?

ਉੱਤਰ- ਜਾਤੀਵਾਦ ਅਤੇ ਸੰਪਰਦਾਇਕਤਾ

(2) ਬਰਤਾਨੀਆ ਦੀ ਕਿਹੜੇ ਗੁਆਂਢੀ ਦੇਸ਼ ਨਾਲ ਸਮਾਜਿਕ ਵੰਡ ਦੀ ਔਕੜ ਖੜ੍ਹੀ ਹੋਈ?

ਉੱਤਰ- ਉੱਤਰੀ-ਆਇਰਲੈਂਡ

(3) ਯੂਗੋਸਲਾਵੀਆ ਦੀ ਸਮਾਜਿਕ ਵੰਡ ਦਾ ਆਧਾਰ ਕਿਹੜੇ ਦੋ ਕਾਰਕ ਹਨ?

ਉੱਤਰ - ਨਸਲੀ-ਵਰਗਾਂ ਦੀ ਹੋਂਦ ਅਤੇ ਵੱਖ-ਵੱਖ ਨਸਲੀ ਸਮੁਦਾਇਆਂ ਦੇ ਨੇਤਾਵਾਂ ਵੱਲੋਂ ਆਪਣੀਆਂ ਮੰਗਾਂ ਰੱਖਣੀਆਂ।

(4) ਸਮਾਜ ਦੀ ਸਮਾਜਿਕ ਵੰਡ ਦਾ ਆਧਾਰ ਕੋਈ ਇੱਕ ਪਹਿਲੂ ਲਿਖੋ।

ਉੱਤਰ- ਆਰਥਿਕ ਅਸਮਾਨਤਾ

**ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ -**

(1) ਲੋਕਤੰਤਰ ਨੂੰ ਸਮਝਣ ਲਈ ਮਨਾਂ ਵਿੱਚ ਉੱਠਦੇ ਕੋਈ ਦੋ ਸਵਾਲ ਦੱਸੋ।

ਉੱਤਰ- 1. ਕੀ ਲੋਕਤੰਤਰ ਵਿੱਚ ਸਿਰਫ਼ ਚੋਣਾਂ ਕਰਵਾਉਣ ਨਾਲ ਹੀ ਲੋਕਤੰਤਰ ਪੂਰਾ ਹੋ ਜਾਂਦਾ ਹੈ?

2. ਲੋਕਤੰਤਰ ਕਿਵੇਂ ਇਹ ਯਕੀਨੀ ਬਣਾਉਂਦਾ ਹੈ ਕਿ ਸਭ ਦੇ ਅਧਿਕਾਰ ਬਰਾਬਰ ਹਨ?

(2) ਸਰਕਾਰ ਦਾ ਲੋਕ ਮੰਗਾਂ ਪ੍ਰਤੀ ਰਵੱਈਆ, ਸਮਾਜਿਕ ਵੰਡ 'ਤੇ ਕਿਵੇਂ ਅਸਰ ਪਾਉਂਦਾ ਹੈ?

ਉੱਤਰ- ਸਰਕਾਰ ਦਾ ਲੋਕ ਮੰਗਾਂ ਪ੍ਰਤੀ ਰਵੱਈਆ, ਸਮਾਜਿਕ ਵੰਡ 'ਤੇ ਬਹੁਤ ਵੱਡਾ ਅਸਰ ਪਾਉਂਦਾ ਹੈ। ਜੇਕਰ ਸਰਕਾਰ ਸੱਤਾ ਵਿੱਚ ਸਾਂਝੇਦਾਰੀ ਕਰਨ ਲਈ ਤਿਆਰ ਹੋ ਜਾਵੇ ਅਤੇ ਘੱਟ ਗਿਣਤੀ ਸਮੁਦਾਇ ਦੀਆਂ ਉਚਿੱਤ ਮੰਗਾਂ ਨੂੰ ਵੀ ਇਮਾਨਦਾਰੀ ਨਾਲ ਪੂਰਾ ਕਰਨ ਦਾ ਯਤਨ ਕਰੇ ਤਾਂ ਸਮਾਜਿਕ ਵੰਡ ਦੇਸ਼ ਲਈ ਖਤਰਾ ਨਹੀਂ ਬਣਦੀ। ਜੇਕਰ ਸਰਕਾਰ ਰਾਸ਼ਟਰੀ ਏਕਤਾ ਦੇ ਨਾਂ 'ਤੇ ਕਿਸੇ ਸਮੁਦਾਇ ਦੀਆਂ ਉਚਿੱਤ ਮੰਗਾਂ ਨੂੰ ਦਬਾਉਣਾ ਸ਼ੁਰੂ ਕਰ ਦੇਵੇ ਤਾਂ ਉਲਟਾ ਨੁਕਸਾਨਦਾਇਕ ਅਸਰ ਹੁੰਦਾ ਹੈ। ਸ਼ਕਤੀ ਦੁਆਰਾ ਏਕਤਾ ਸਥਾਪਿਤ ਕਰਨ ਦੀ ਕੋਸ਼ਿਸ਼ ਅਕਸਰ ਵੱਖਵਾਦ ਦੀ ਭਾਵਨਾ ਪੈਦਾ ਕਰ ਦਿੰਦੀ ਹੈ।

(3) ਜਾਤੀ ਦਬਾਉ ਸਮੂਹ ਕੀ ਹੁੰਦੇ ਹਨ?

ਉੱਤਰ:- ਭਾਰਤੀ ਰਾਜਨੀਤੀ ਵਿੱਚ ਜਾਤੀ ਦੇ ਤੱਤ ਨੇ ਜਾਤੀ 'ਤੇ ਅਧਾਰਿਤ ਦਬਾਉ ਸਮੂਹਾਂ ਨੂੰ ਵਿਕਸਿਤ ਕਰਨ ਵਿੱਚ ਉਤਸ਼ਾਹਿਤ ਕੀਤਾ ਹੈ। ਜਾਤੀ 'ਤੇ ਅਧਾਰਿਤ ਦਬਾਉ ਸਮੂਹ ਅਜਿਹੇ ਸਮੂਹ ਹੁੰਦੇ ਹਨ, ਜਿਨ੍ਹਾਂ ਦੇ ਹਿੱਤ ਸਾਂਝੇ ਹੁੰਦੇ

ਹਨ। ਇਹ ਸਮੂਹ ਆਪਣੇ ਹਿੱਤਾਂ ਨੂੰ ਪੂਰੇ ਕਰਵਾਉਣ ਲਈ ਸਰਕਾਰ ਉੱਤੇ ਦਬਾਉ ਬਣਾਉਂਦੇ ਹਨ ਜਿਵੇਂ ਕਿ ਪ੍ਰਾਂਤਕ/ਸੂਬਾਈ ਅਤੇ ਕੇਂਦਰੀ ਪੱਧਰ 'ਤੇ ਅਨੁਸੂਚਿਤ ਜਾਤੀਆਂ ਦੇ ਸੰਘ ਬਣੇ ਹੋਏ ਹਨ। ਇਹਨਾਂ ਦੇ ਮੁਕਾਬਲੇ ਵਿੱਚ ਗੈਰ-ਅਨੁਸੂਚਿਤ ਸੰਘ ਵੀ ਹੋਂਦ ਵਿੱਚ ਆ ਗਏ ਹਨ।

(4) ਇਸਤਰੀਵਾਦ ਜਾਂ ਔਰਤਵਾਦ ਕੀ ਹੁੰਦਾ ਹੈ?

ਉੱਤਰ - ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਅਤੇ ਵਿਕਾਸ ਕਰਨ ਦੇ ਮੌਕੇ ਪ੍ਰਦਾਨ ਕਰਨ ਦੀ ਧਾਰਨਾ ਵਿੱਚ ਵਿਸ਼ਵਾਸ ਰੱਖਣ ਵਾਲੀ ਸੋਚ ਅਤੇ ਸਾਰੇ ਵਿਅਕਤੀਆਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੀ ਧਾਰਨਾ ਨੇ ਇਸਤਰੀਵਾਦ ਜਾਂ ਔਰਤਵਾਦ ਨੂੰ ਜਨਮ ਦਿੱਤਾ ਹੈ। ਦੁਨੀਆਂ ਦੇ ਕੁੱਝ ਦੇਸ਼ਾਂ ਜਿਵੇਂ ਨਾਰਵੇ, ਸਵੀਡਨ, ਫਿਨਲੈਂਡ ਵਿੱਚ ਔਰਤਾਂ ਦੇ ਸਰਵਜਨਕ ਜੀਵਨ ਵਿੱਚ ਭਾਗੀਦਾਰੀ ਕਾਫੀ ਜ਼ਿਆਦਾ ਹੈ।

(6) ਕੀ ਰਾਜਨੀਤਿਕ ਦਲਾਂ ਦਾ ਨਿਰਮਾਣ ਵੀ ਧਰਮ ਦੇ ਆਧਾਰ 'ਤੇ ਹੁੰਦਾ ਹੈ?

ਉੱਤਰ- ਭਾਰਤ ਵਿੱਚ ਧਰਮ ਦੇ ਅਧਾਰ 'ਤੇ ਰਾਜਨੀਤਿਕ ਦਲਾਂ ਦੀ ਨਿਰਮਾਣ ਦੀ ਕਾਨੂੰਨੀ ਤੌਰ 'ਤੇ ਮਨਾਹੀ ਕੀਤੀ ਗਈ ਹੈ। ਪਰ ਇਸ ਦੇ ਬਾਵਜੂਦ ਭਾਰਤ ਵਿੱਚ ਕਈ ਸਿਆਸੀ ਪਾਰਟੀਆਂ ਦਾ ਨਿਰਮਾਣ ਧਰਮ ਦੇ ਆਧਾਰ 'ਤੇ ਹੀ ਹੋਇਆ ਅਜਿਹੇ ਦਲ ਵੋਟਰਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਕਸਾ ਕੇ ਵੋਟਰਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਚੋਣਾਂ ਜਿੱਤਣ ਲਈ ਅਜਿਹੇ ਦਲ ਧਰਮ ਗੁਰੂਆਂ ਦਾ ਸਮਰਥਨ ਹਾਸਲ ਕਰਨ ਦਾ ਯਤਨ ਕਰਦੇ ਹਨ। ਕਈ ਧਰਮ ਗੁਰੂ ਅਜਿਹੇ ਦਲਾਂ ਦਾ ਸਮਰਥਨ ਕਰ ਵੀ ਦਿੰਦੇ ਹਨ। ਪਰ ਅਜਿਹੀ ਰਾਜਨੀਤੀ ਸਮਾਜ ਵਿੱਚ ਟਕਰਾ ਅਤੇ ਨਫ਼ਰਤ ਦੀ ਭਾਵਨਾ ਪੈਦਾ ਕਰ ਦਿੰਦੀ ਹੈ।

## ਪਾਠ: 2 ਲੋਕਤੰਤਰ : ਸਿਆਸੀ ਸਕਤੀ ਵਿੱਚ ਭਾਗੀਦਾਰੀ/ਸੱਤ੍ਹਾ ਵਿੱਚ ਸਾਂਝੇਦਾਰੀ

**ਸਹੀ ਵਿਕਲਪ ਚੁਣੋ।**

1. ਭਾਰਤ ਦੇ ਕਿਹੜੇ ਪ੍ਰਦੇਸ਼ ਨਵੇਂ ਨਵੇਂ 7ਵਾਂ ਅਤੇ 8ਵਾਂ ਕੇਂਦਰ ਸ਼ਾਸਿਤ ਪ੍ਰਦੇਸ਼ ਬਣੇ ਹਨ?

(i) ਜੰਮੂ ਅਤੇ ਕਸ਼ਮੀਰ ਤੇ ਲੱਦਾਖ (iii) ਗੋਆ ਦਾਮਨ ਤੇ ਦਿਓ

(ii) ਦਾਦਰਾ ਤੇ ਨਗਰ ਹਵੇਲੀ (iv) ਪੁੱਡੂਚੇਰੀ ਤੇ ਚੰਡੀਗੜ੍ਹ

ਉੱਤਰ- (i) ਜੰਮੂ ਅਤੇ ਕਸ਼ਮੀਰ ਤੇ ਲੱਦਾਖ

2. ਬੈਲਜ਼ੀਅਮ ਦੀ ਰਾਜਧਾਨੀ ਬਰਸਲਜ਼ ਵਿੱਚ ਕਿਸ ਸੰਗਠਨ ਦਾ ਮੁੱਖ ਦਫ਼ਤਰ ਹੈ?

(i) ਸੰਯੁਕਤ ਰਾਸ਼ਟਰ (ii) ਰੈੱਡ ਕਰਾਸ

(iii) ਯੂਰਪੀ ਸੰਘ (iv) ਕੌਮਾਂਤਰੀ ਨਿਆਂਇਕ ਅਦਾਲਤ

ਉੱਤਰ- (iii)ਯੂਰਪੀ ਸੰਘ

3. ਭਾਰਤ ਦਾ ਕਿਹੜਾ ਗੁਆਂਢੀ ਦੇਸ਼ ਸੰਨ 1948 ਵਿੱਚ ਸੁਤੰਤਰ ਹੋਇਆ ਸੀ?

(i) ਪਾਕਿਸਤਾਨ (ii) ਸ੍ਰੀਲੰਕਾ

(iii) ਬੰਗਲਾਦੇਸ਼ (iv) ਨੇਪਾਲ

ਉੱਤਰ-(ii) ਸ੍ਰੀਲੰਕਾ

ਖਾਲੀ ਥਾਂ ਭਰੋ

1. ਬੈਲਜੀਅਮ ਦੇ ਉਦਾਹਰਣ ਵਿੱਚ ਸੱਤਾ-ਸਾਂਝਾ ___________ ਸਮੂਹਾਂ ਵਿਚ ਹੋਇਆ।
2. ਸੱਤਾ-ਸਾਂਝਾ ___________ ਨੂੰ ਟਿਕਾਊ ਲੋਕਤੰਤਰ ਬਣਾਉਂਦਾ ਹੈ।

ਠੀਕ/ਗਲਤ

3. ਜਾਤ ਅਤੇ ਰਾਜਨੀਤੀ ਦਾ ਕੋਈ ਲੈਣਾ-ਦੇਣਾ ਨਹੀਂ। (×)
4. ਸਮਾਜਕ ਏਕਤਾ ਲਈ ਪਰਸਪਰ ਸਨਮਾਨ ਜ਼ਰੂਰੀ ਹੈ।(✓)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ-**

1, ਸ੍ਰੀਲੰਕਾ ਦੇ ਮੂਲ ਲੋਕਾਂ ਦੀ ਭਾਸ਼ਾ ਕਿਹੜੀ ਹੈ ਤੇ ਉਹ ਕਿਹੜੇ ਧਰਮ ਦੇ ਪੈਰੋਕਾਰ ਹਨ?

ਉੱਤਰ -ਸ੍ਰੀਲੰਕਾ ਦੇ ਮੂਲ ਲੋਕਾਂ ਦੀ ਭਾਸ਼ਾ ਸਿੰਨਹਾਲਾ ਹੈ ਅਤੇ ਉਹ ਬੁੱਧ ਧਰਮ ਦੇ ਪੈਰੋਕਾਰ ਹਨ।

2. ਬੈਲਜ਼ੀਅਮ ਵਾਸੀ ਕਿਹੜੀਆਂ ਦੋ ਪ੍ਰਮੁੱਖ ਭਾਸ਼ਾਵਾਂ ਬੋਲਦੇ ਹਨ?

ਉੱਤਰ- ਡੱਚ ਅਤੇ ਫਰਾਂਸੀਸੀ

3. ਸੰਵਿਧਾਨ ਦੀ 73ਵੀਂ ਅਨੁਸਾਰ ਕੀ ਪ੍ਰਬੰਧ ਕੀਤਾ ਗਿਆ ਹੈ?

ਉੱਤਰ- ਸੰਨ 1992 ਵਿੱਚ 73ਵੀਂ ਸੰਵਿਧਾਨਿਕ ਸੋਧ ਕੀਤੀ ਗਈ। ਜਿਸ ਅਨੁਸਾਰ 73ਵੀਂ ਸੰਵਿਧਾਨਿਕ ਸੋਧ ਵਿੱਚ ਪਿੰਡ ਪੱਧਰ 'ਤੇ ਸਰਕਾਰ ਬਣਾਉਣ ਦਾ ਫੈਸਲਾ ਲਿਆ ਗਿਆ

4. ਸੰਘ ਦੇ ਨਿਰਮਾਣ ਦੇ ਕਿਹੜੇ ਦੋ ਢੰਗ ਹੋ ਸਕਦੇ ਹਨ?

ਉੱਤਰ : ਸੰਘ ਦੇ ਨਿਰਮਾਣ ਦੇ ਤਰੀਕੇ :-

1. ਕੇਂਦਰ ਮੁੱਖੀ

2. ਵਿਕੇਂਦਰ ਮੁੱਖੀ

5.ਕੇਂਦਰ ਤੇ ਰਾਜਾਂ ਦੇ ਸੰਬੰਧਾਂ ਬਾਰੇ ਕਿਹੜਾ ਕਮਿਸ਼ਨ ਬਣਾਇਆ ਗਿਆ ਹੈ ਅਤੇ ਇਸ ਦੇ ਮੁਖੀ ਕੌਣ ਸਨ?

ਉੱਤਰ -ਕੇਂਦਰ ਅਤੇ ਰਾਜਾਂ ਦੇ ਸੰਬੰਧਾਂ ਸੰਬੰਧੀ ਸਰਕਾਰੀਆ ਕਮਿਸ਼ਨ ਬਣਾਇਆ ਗਿਆ ਸੀ। ਜਿਸ ਦੇ ਪ੍ਰਧਾਨ ਜਸਟਿਸ ਆਰ.ਐਸ. ਸਰਕਾਰੀਆ ਸਨ।

**ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ -**

1. ਲੋਕਤੰਤਰੀ ਸਰਕਾਰ ਦੇ ਤਿੰਨ ਅੰਗ ਕਿਹੜੇ-ਕਿਹੜੇ ਹੁੰਦੇ ਹਨ ਤੇ ਉਹ ਕੀ ਕੰਮ ਕਰਦੇ ਹਨ?

ਉੱਤਰ- ਲੋਕਤੰਤਰੀ ਸਰਕਾਰ ਦੇ ਤਿੰਨ ਅੰਗ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਹਨ।

* ਵਿਧਾਨਪਾਲਿਕਾ-ਕਾਨੂੰਨ ਬਣਾਉਂਦੀ ਹੈ।

* ਕਾਰਜਪਾਲਿਕਾ- ਕਾਨੂੰਨਾਂ ਨੂੰ ਲਾਗੂ ਕਰਦੀ ਹੈ।

* ਨਿਆਂਪਾਲਿਕਾ- ਕਾਨੂੰਨ ਦੀ ਸਹੀ ਵਿਆਖਿਆ ਕਰਨ ਦੇ ਨਾਲ-ਨਾਲ ਰੱਖਿਆ ਕਰਨ ਦਾ ਕੰਮ ਵੀ ਕਰਦੀ ਹੈ।

2. ਸੰਘਾਤਮਕ ਸ਼ਾਸਨ ਪ੍ਰਣਾਲੀ ਵਿੱਚ ਕਿਹੜੇ-ਕਿਹੜੇ ਪੱਧਰ ‘ਤੇ ਕਿੰਨੀਆਂ ਸਰਕਾਰਾਂ ਹੁੰਦੀਆਂ ਹਨ?

ਉੱਤਰ- ਸੰਘਾਤਮਕ ਸ਼ਾਸਨ ਪੱਧਰ 'ਤੇ ਦੋ ਪ੍ਰਕਾਰ ਦੀਆਂ ਸਰਕਾਰਾਂ ਕੰਮ ਕਰਦੀਆਂ ਹਨ- ਕੇਂਦਰੀ ਸਰਕਾਰ ਅਤੇ ਸੂਬਾਈ ਸਰਕਾਰਾਂ। ਕੇਂਦਰ ਸਰਕਾਰ ਦੇਸ਼ ਦੀ ਸਾਂਝੀ ਸਰਕਾਰ ਹੁੰਦੀ ਹੈ ਜਦ ਕਿ ਪ੍ਰਾਂਤਾਂ ਦੀਆਂ ਸਰਕਾਰਾਂ ਆਪਣੇ ਰਾਜ ਨਾਲ ਸੰਬੰਧਿਤ ਮਾਮਲਿਆਂ 'ਤੇ ਕੰਮ ਕਰਦੀਆਂ ਹਨ।

3.ਭਾਰਤ ਦੇ ਸੰਵਿਧਾਨ ਅਨੁਸਾਰ ਸੰਵਿਧਾਨਿਕ ਸੂਚੀਆਂ ਕਿੰਨ੍ਹੇ ਪ੍ਰਕਾਰ ਦੀਆਂ ਹਨ ਤੇ ਕਿਹੜੀਆਂ ਹਨ?

ਉੱਤਰ- ਭਾਰਤ ਦੇ ਸੰਵਿਧਾਨ ਅਨੁਸਾਰ ਤਿੰਨ ਪ੍ਰਕਾਰ ਦੀਆਂ ਸੰਵਿਧਾਨਿਕ ਸੂਚੀਆਂ ਹਨ-ਸੰਘੀ ਸੂਚੀ, ਰਾਜ ਸੂਚੀ ਅਤੇ ਸਮਵਰਤੀ ਸੂਚੀ।

4.ਕੇਂਦਰ ਸ਼ਾਸਿਤ ਪ੍ਰਦੇਸ਼ ਕਿਉਂ ਬਣਾਏ ਜਾਂਦੇ ਹਨ?

ਉੱਤਰ- ਕੇਂਦਰ ਸ਼ਾਸਿਤ ਪ੍ਰਦੇਸ਼ ਉਹ ਇਲਾਕੇ ਹੁੰਦੇ ਹਨ ਜਿਨਾਂ ਨੂੰ ਸੱਭਿਆਚਾਰਕ ਜਾਂ ਰਾਜਨੀਤਿਕ ਤੌਰ ਤੇ ਜਾਂ ਫਿਰ ਆਕਾਰ ਦੇ ਅਨੁਸਾਰ ਇੱਕ ਸੁਤੰਤਰ ਰਾਜ ਨਹੀਂ ਬਣਾਇਆ ਜਾ ਸਕਦਾ।

5. ਲੋਕਤੰਤਰੀ ਪ੍ਰਣਾਲੀ ਵਿੱਚ ਜਨ-ਸਹਿਭਾਗਤਾ ਦੇ ਕੋਈ ਤਿੰਨ ਕਦਮ ਕਿਹੜੇ-ਕਿਹੜੇ ਹੋ ਸਕਦੇ ਹਨ?

ਉੱਤਰ- 1. ਵੋਟਾਂ ਰਾਹੀ ਭਾਗੀਦਾਰੀ

2. ਵੱਖੋ-ਵੱਖਰੇ ਜਾਤੀ, ਸੰਪਰਦਾਇਕ, ਭਾਸ਼ਾਈ ਸਮੂਹਾਂ ਵੱਲੋਂ ਸੱਤ੍ਹਾ ਵਿੱਚ ਹਿੱਸੇਦਾਰੀ

3. ਰਾਜਨੀਤਿਕ ਦਲਾਂ, ਹਿੱਤਾਂ ਤੇ ਦਬਾਅ ਸਮੂਹਾਂ ਰਾਹੀਂ ਸੱਤ੍ਹਾ ਵਿੱਚ ਹਿੱਸੇਦਾਰੀ

## ਪਾਠ: 3 ਲੋਕਤੰਤਰ ਵਿੱਚ ਮੁਕਾਬਲਾ ਅਤੇ ਟਾਕਰਾ

**ਸਹੀ ਵਿਕਲਪ ਚੁਣੋ।**

(1) ਹੇਠਾਂ ਦਿੱਤੇ ਦਬਾਅ ਸਮੂਹਾਂ ਵਿੱਚੋਂ ਕਿਸ ਦਾ ਸੰਬੰਧ ਮਜ਼ਦੂਰਾਂ ਨਾਲ ਨਹੀਂ ਹੈ?

(i) INTUC (ii) AITUC

(iii) NSUI (iv) CPI(Liberation)

ਉੱਤਰ- (iii) NSUI

(2)ਕਿਹੜਾ ਸਮੂਹ ਜਾਇਜ਼ ਦਬਾਅ ਸਮੂਹ ਨਹੀਂ ਹੈ?

(i) ਸੰਘੀ ਲੋਕ ਸੇਵਾ ਕਮਿਸ਼ਨ (ii) ਮੁਲਾਜ਼ਮ ਸੰਘ

(iii) ਮੈਡੀਕਲ ਕੌਂਸਲ (iv) ਬਾਰ ਕੌਂਸਲ

ਉੱਤਰ: (i) ਸੰਘੀ ਲੋਕ ਸੇਵਾ ਕਮਿਸ਼ਨ

(3) ਪੰਜਾਬ ਵਿੱਚ ਇਨ੍ਹਾਂ ਵਿੱਚੋਂ ਕਿਹੜੀ ਇਸਤਰੀ ਪ੍ਰਥਮ ਇਸਤਰੀ ਮੁੱਖ ਮੰਤਰੀ ਬਣੀ ਸੀ?

(i) ਰਜਿੰਦਰ ਕੌਰ ਭੱਠਲ (ii) ਰਾਬੜੀ ਦੇਵੀ

(iii) ਸੁਚੇਤਾ ਕ੍ਰਿਪਲਾਨੀ (iv) ਜੇ. ਜੈਲਲਿਤਾ

ਉੱਤਰ: (i) ਰਜਿੰਦਰ ਕੌਰ ਭੱਠਲ

ਖਾਲੀ ਥਾਂ ਭਰੋ

1. ਭਾਰਤ ਵਿੱਚ ਰਾਸ਼ਟਰੀ ਪਾਰਟੀਆਂ ਵਿੱਚੋਂ ਇੱਕ ___________ ਹੈ।
2. ਵਿਦਿਆਰਥੀ ਸੰਗਠਨਾਂ ਵਿੱਚੋਂ ਇੱਕ ___________ ਹੈ।

“ਠੀਕ/ਗਲਤ

3. ਭਾਰਤ ਵਿੱਚ ਸਿਰਫ਼ ਇੱਕ ਹੀ ਰਾਸ਼ਟਰੀ ਪਾਰਟੀ ਹੈ। (×)
4. ਪਾਰਟੀਆਂ ਕਦੇ ਵੀ ਮੁੱਦਿਆਂ ‘ਤੇ ਟਕਰਾਅ ਨਹੀਂ ਕਰਦੀਆਂ। (×)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ-**

(1) ਸੰਵਿਧਾਨ ਦੀਆਂ ਕਿਹੜੀਆਂ ਦੇ ਸੋਧਾਂ ਨਾਲ ਦਲ-ਬਦਲੀ ਦੀ ਕੁਰੀਤੀ ਉੱਤੇ ਰੋਕ ਲਗਾਈ ਗਈ?

ਉੱਤਰ-ਸੰਵਿਧਾਨ ਦੀ 52ਵੀਂ ਅਤੇ 91ਵੀਂ ਸੋਧ ਰਾਹੀਂ ਦਲ-ਬਦਲੀ ਦੀ ਕੁਰੀਤੀ 'ਤੇ ਰੋਕ ਲਗਾਈ ਗਈ।

(2) ਅਕਾਲੀ ਦਲ ਨੇ ਕਿਹੜੇ ਸੰਨ ਵਿੱਚ, ਕਿਹੜੀ ਕਾਨਫਰੰਸ ਦੌਰਾਨ ਆਪਣੀ ਸਿਆਸੀ ਨੁਮਾਇੰਦਗੀ ਦੀ ਤਾਸੀਰ ਵਿੱਚ ਤਬਦੀਲੀ ਕੀਤੀ?

ਉੱਤਰ-ਅਕਾਲੀ ਦਲ ਨੇ ਸੰਨ 1996 ਵਿੱਚ, ਮੋਗਾ ਕਾਨਫਰੰਸ ਦੌਰਾਨ ਆਪਣੀ ਸਿਆਸੀ ਨੁਮਾਇੰਦਗੀ ਦੀ ਤਾਸੀਰ ਵਿੱਚ ਤਬਦੀਲੀ ਕਰਕੇ ਗੈਰ-ਸਿੱਖਾਂ ਦੀ ਨੁਮਾਇੰਦਗੀ ਨੂੰ ਸ਼ਾਮਿਲ ਕੀਤਾ।

(3) ਕਿਸੇ ਵਿਦਿਆਰਥੀ ਦਬਾਅ ਸਮੂਹ ਦਾ ਨਾਮ ਲਿਖੋ।

ਉੱਤਰ- ਭਾਰਤੀ ਕੌਮੀ ਵਿਦਿਆਰਥੀ ਸੰਘ

(4) ਬਹੁਜਨ ਸਮਾਜ ਪਾਰਟੀ (BSP) ਦੇ ਸੰਸਥਾਪਕ ਕੌਣ ਸਨ ਤੇ ਪਾਰਟੀ ਦਾ ਚੋਣ ਨਿਸ਼ਾਨ ਕੀ ਹੈ?

ਉੱਤਰ-ਬਹੁਜਨ ਸਮਾਜ ਪਾਰਟੀ (BSP) ਦੇ ਸੰਸਥਾਪਕ ਸ੍ਰੀ ਕਾਂਸ਼ੀਰਾਮ ਸਨ ਤੇ ਪਾਰਟੀ ਦਾ ਚੋਣ ਨਿਸ਼ਾਨ ਹਾਥੀ ਹੈ।

(5) ਪੰਜਾਬ ਵਿਧਾਨ ਸਭਾ ਦੇ ਕਿੰਨ੍ਹੇ ਚੋਣ ਹਲਕੇ ਹਨ ਤੇ ਲੋਕ ਸਭਾ ਦੀਆਂ ਕਿੰਨੀਆਂ ਸੀਟਾਂ ਹਨ?

ਉੱਤਰ-ਪੰਜਾਬ ਵਿਧਾਨ ਸਭਾ ਦੇ 117 ਚੋਣ ਹਲਕੇ ਹਨ ਅਤੇ ਲੋਕ ਸਭਾ ਦੀਆਂ 13 ਸੀਟਾਂ ਹਨ।

(6) ਸਕੂਲ ਖੇਡਾਂ ਦੇ ਮੁਕਾਬਲੇ ਮੁੱਖ ਤੌਰ 'ਤੇ ਕਿਹੜੇ ਚਾਰ ਪੱਧਰਾਂ 'ਤੇ ਹੁੰਦੇ ਹਨ?

ਉੱਤਰ-ਜ਼ੋਨ ਪੱਧਰ, ਜ਼ਿਲ੍ਹਾ ਪੱਧਰ, ਸਟੇਟ ਪੱਧਰ, ਕੌਮੀ ਪੱਧਰ।

**ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ -**

(1) ਬਿਹਾਰ ਤੇ ਮੱਧ ਪ੍ਰਦੇਸ਼ ਦੀ ਵੰਡ ਕਰਕੇ ਕਿਹੜੇ ਰਾਜ ਬਣਾਏ ਗਏ ਸਨ ਜੋ ਖਣਿਜ ਪਦਾਰਥ ਭਰਪੂਰ ਹਨ?

ਉੱਤਰ- ਬਿਹਾਰ ਅਤੇ ਮੱਧ ਪ੍ਰਦੇਸ਼ ਦੀ ਵੰਡ ਕਰਕੇ ਜੋ ਨਵੇਂ ਰਾਜ ਬਣਾਏ ਗਏ, ਉਹ ਹਨ-

1. ਝਾਰਖੰਡ - ਬਿਹਾਰ ਨੂੰ ਵੰਡ ਕੇ 15 ਨਵੰਬਰ, 2000 ਨੂੰ ਝਾਰਖੰਡ ਬਣਾਇਆ ਗਿਆ। ਇਹ ਰਾਜ ਲੋਹਾ, ਕੋਲਾ, ਬਾਕਸਾਈਟ, ਤਾਂਬਾ, ਯੂਰੇਨੀਅਮ ਆਦਿ ਖਣਿਜ ਪਦਾਰਥਾਂ ਲਈ ਭਰਪੂਰ ਹੈ।
2. ਛੱਤੀਸਗੜ੍ਹ- ਮੱਧ ਪ੍ਰਦੇਸ਼ ਨੂੰ ਵੰਡ ਕੇ 1 ਨਵੰਬਰ, 2000 ਨੂੰ ਛੱਤੀਸਗੜ੍ਹ ਬਣਾਇਆ ਗਿਆ। ਇਹ ਰਾਜ ਵੀ ਕੋਲਾ, ਲੋਹਾ, ਬਾਕਸਾਈਟ ਆਦਿ ਖਣਿਜਾਂ ਵਿੱਚ ਭਰਪੂਰ ਹੈ।

(2) ਭਾਸ਼ਾ ਤੇ ਸੱਭਿਆਚਾਰਕ ਵਰਗ ਲੋਕਤੰਤਰ ਉੱਤੇ ਕਿਵੇਂ ਅਸਰਦਾਇਕ ਹੁੰਦੇ ਹਨ?

ਉੱਤਰ-ਭਾਸ਼ਾ ਤੇ ਸੱਭਿਆਚਾਰਕ ਵਰਗ ਲੋਕਤੰਤਰ ਉੱਤੇ ਕਈ ਢੰਗਾਂ ਨਾਲ ਅਸਰਦਾਇਕ ਹੁੰਦੇ ਹਨ -

1.ਇਹ ਵਰਗ ਸਰਕਾਰ ਦੇ ਕੰਮਾਂ ਵਿੱਚ ਰੁਕਾਵਟ ਪੈਦਾ ਕਰਕੇ ਸਰਕਾਰ ਵਿਰੁੱਧ ਆਪਣਾ ਵਿਰੋਧ ਦਰਸਾਉਂਦੇ ਹਨ।

2.ਇਹ ਵਰਗ ਸਰਕਾਰ ਦੀ ਕਾਰਜਸ਼ੀਲਤਾ, ਸਰਕਾਰ ਦੇ ਨੀਤੀ ਨਿਰਮਾਣ ਅਤੇ ਕਾਨੂੰਨ ਬਣਾਉਣ ਦੀ ਕਿਰਿਆ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰਦੇ ਹਨ।

3.ਇਹਨਾਂ ਵਰਗਾਂ ਦੇ ਮੈਂਬਰ ਆਪਣੇ ਮੈਂਬਰਾਂ ਅਤੇ ਸਮੂਹਿਕ ਹਿੱਤਾਂ ਨੂੰ ਪੂਰੇ ਕਰਵਾਉਣ ਦੀ ਇੱਕ ਦੂਜੇ ਦਾ ਵਿਰੋਧ ਵੀ ਕਰਦੇ ਹਨ।

## ਪਾਠ: 4 ਲੋਕਤੰਤਰ: ਨਤੀਜੇ/ਪ੍ਰਾਪਤੀਆਂ

**ਸਹੀ ਵਿਕਲਪ ਚੁਣੋ।**

(1) ਭਾਰਤੀ ਲੋਕਤੰਤਰ ਦੇ ਸੰਬੰਧ ਵਿੱਚ ਕਿਹੜਾ ਕਥਨ ਸਹੀ ਨਹੀਂ ਹੈ?

(i) ਭਾਰਤੀ ਲੋਕਤੰਤਰ ਨੇ ਹਰੇਕ ਨਾਗਰਿਕ ਦੇ ਮਾਣ ਵਿੱਚ ਵਾਧਾ ਕੀਤਾ ਹੈ।

(ii) ਭਾਰਤ ਨੇ ਲੋਕਤੰਤਰ ਅਪਣਾ ਕੇ ਕਥਿਤ ਜਾਤੀਵਾਦ ਨੂੰ ਖਤਮ ਕਰਨ ਦਾ ਉਪਰਾਲਾ ਕੀਤਾ ਹੈ।

(iii) ਲੋਕਤੰਤਰ ਕਾਰਨ ਭਾਰਤੀਆਂ ਵਿੱਚ ਭਾਈਚਾਰਕ ਸਾਂਝ ਵਧੀ ਹੈ।

(iv) ਲੋਕਤੰਤਰ ਵਿੱਚ ਘਾਟਾਂ ਨੂੰ ਸੰਵਾਰਿਆ ਨਹੀਂ ਜਾ ਸਕਦਾ।

ਉੱਤਰ-(iv) ਲੋਕਤੰਤਰ ਵਿੱਚ ਘਾਟਾਂ ਨੂੰ ਸੰਵਾਰਿਆ ਨਹੀਂ ਜਾ ਸਕਦਾ।

(2) ਲੋਕਤੰਤਰ ਹੌਲੀ ਚੱਲਣ ਵਾਲੀ ਪ੍ਰਣਾਲੀ ਕਿਉਂ ਹੈ?

(i) ਫੈਸਲੇ ਲੋਕ-ਇੱਛਾਵਾਂ ਅਨੁਸਾਰ ਲਏ ਜਾਂਦੇ ਹਨ। (ii) ਫੈਸਲੇ ਇਕਦੱਮ ਲਏ ਜਾਂਦੇ ਹਨ।

(iii) ਫੈਸਲੇ ਲੰਬੇ ਵਿਚਾਰ-ਵਟਾਂਦਰੇ ਮਗਰੋਂ ਲਏ ਜਾਂਦੇ ਹਨ। (iv) ਫੈਸਲੇ ਇੱਕ ਹੀ ਆਗੂ ਵੱਲੋਂ ਲਏ ਜਾਂਦੇ ਹਨ।

ਉੱਤਰ-(iii) ਫੈਸਲੇ ਲੰਬੇ ਵਿਚਾਰ-ਵਟਾਂਦਰੇ ਮਗਰੋਂ ਲਏ ਜਾਂਦੇ ਹਨ।

(3) ਲੋਕਤੰਤਰ ਦੇ ਨਤੀਜਿਆਂ ਦਾ ਮੁਲਾਂਕਣ ਕਰਨ ਲਈ ਕਿਹੜਾ ਕਥਨ ਗਲਤ ਹੈ?

(i) ਆਜ਼ਾਦ ਤੇ ਪਾਰਦਰਸ਼ੀ ਚੋਣਾਂ (ii) ਵਿਅਕਤੀਗਤ ਮਾਣ-ਤਾਣ

(iii) ਬਹੁਮਤ ਦਾ ਸ਼ਾਸਨ (iv)ਕਾਨੂੰਨ ਦੇ ਸਾਹਮਣੇ ਸਮਾਨਤਾ

ਉੱਤਰ-(ii) ਵਿਅਕਤੀਗਤ ਮਾਣ-ਤਾਣ

(4)ਲੋਕਤੰਤਰ ਦੀ ਮਜ਼ਬੂਤੀ ਲਈ ਕਿਹੜਾ ਤੱਤ ਸਭ ਤੋਂ ਵੱਧ ਜ਼ਰੂਰੀ ਹੈ?

(i) ਉੱਚਾ ਨੈਤਿਕ ਪੱਧਰ (ii) ਸਮਾਜਿਕ ਸਮਾਨਤਾ

(iii) ਸੁਤੰਤਰ ਨਿਆਂਪਾਲਿਕਾ (iv)ਆਰਥਿਕ ਸਮਾਨਤਾ

ਉੱਤਰ-(i) ਉੱਚਾ ਨੈਤਿਕ ਪੱਧਰ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ-**

(1) ਭਾਰਤੀ ਨਾਗਰਿਕਾਂ ਨੂੰ ਲਿੰਗ ਦੇ ਅਧਾਰ 'ਤੇ ਬਰਾਬਰੀ ਦਾ ਹੱਕ ਕਿਹੜੇ ਦਸ਼ਤਾਵੇਜ ਅਨੁਸਾਰ ਤੇ ਕਦੋਂ ਮਿਲਿਆ?

ਉੱਤਰ- ਭਾਰਤੀ ਨਾਗਰਿਕਾਂ ਨੂੰ ਲਿੰਗ ਦੇ ਅਧਾਰ 'ਤੇ ਬਰਾਬਰੀ ਦਾ ਹੱਕ ਭਾਰਤ ਦੇ ਸੰਵਿਧਾਨ ਅਨੁਸਾਰ 26 ਜਨਵਰੀ 1950 ਨੂੰ ਮਿਲਿਆ। ਇਹ ਸੰਵਿਧਾਨ ਦੇ ਅਨੁਛੇਦ 14 ਤੋਂ 16 ਤੱਕ ਇਹ ਹੱਕ ਦਰਜ ਕੀਤੇ ਗਏ ਹਨ।

(2) ਕਿਹੜੀ ਸਿਆਸੀ ਪ੍ਰਣਾਲੀ ਨਾਗਰਿਕਾਂ ਦੀ ਸਮਾਨਤਾ 'ਤੇ ਅਧਾਰਿਤ ਹੈ?

ਉੱਤਰ- ਲੋਕਤੰਤਰਕ ਪ੍ਰਣਾਲੀ ਨਾਗਰਿਕਾਂ ਦੀ ਸਮਾਨਤਾ 'ਤੇ ਅਧਾਰਿਤ ਹੁੰਦੀ ਹੈ।

(3) ਵਰਤਮਾਨ ਵਿੱਚ ਕਿੰਨ੍ਹੇ ਕੁ ਦੇਸ਼ਾਂ ਦੇ ਲੋਕਤੰਤਰੀ ਪ੍ਰਣਾਲੀ ਅਪਣਾਈ ਹੈ?

ਉੱਤਰ- ਵਰਤਮਾਨ ਵਿੱਚ ਲਗਭਗ 100 ਦੇਸ਼ਾਂ ਨੇ ਲੋਕਤੰਤਰਿਕ ਪ੍ਰਣਾਲੀ ਅਪਣਾਈ ਹੋਈ ਹੈ।

(4) ਲੋਕਤੰਤਰ ਨੂੰ ਦਰਪੇਸ਼ ਵੰਗਾਰਾਂ ਵਿੱਚੋਂ ਕੋਈ ਦੋ ਕਿਸਮਾਂ ਦੱਸੋ?

ਉੱਤਰ- ਸੰਵਿਧਾਨਿਕ ਸੰਕਟ, ਅਜ਼ਾਦ ਅਤੇ ਨਿਰਪੱਖ ਚੋਣਾਂ

**ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ -**

(1) ਆਗੂਆਂ ਤੇ ਲੋਕਾਂ (ਨਾਗਰਿਕਾਂ) ਦਾ ਉੱਚਾ ਨੈਤਿਕ ਪੱਧਰ ਲੋਕਤੰਤਰ ਦੀ ਮਜ਼ਬੂਤੀ ਲਈ ਸਭ ਤੋਂ ਜ਼ਰੂਰੀ ਤੱਤ ਕਿਵੇਂ ਹੈ?

ਉੱਤਰ- ਆਗੂਆਂ ਅਤੇ ਨਾਗਰਿਕਾਂ ਦਾ ਉੱਚਾ ਨੈਤਿਕ ਪੱਧਰ ਲੋਕਤੰਤਰ ਦੀ ਮਜ਼ਬੂਤੀ ਲਈ ਜ਼ਰੂਰੀ ਤੱਤ ਹੈ ਕਿਉਂਕਿ ਉੱਚਾ ਨੈਤਿਕ ਪੱਧਰ ਰੱਖਣ ਵਾਲੇ ਲੋਕ ਹੀ ਲੋਕਤੰਤਰ ਨੂੰ ਸਫ਼ਲ ਅਤੇ ਮਜ਼ਬੂਤ ਬਣਾ ਸਕਣਗੇ। ਜੇਕਰ ਦੇਸ਼ ਦੇ ਲੋਕ, ਰਾਜਨੀਤਿਕ ਨੇਤਾ ਤੇ ਸ਼ਾਸਕ ਭ੍ਰਿਸ਼ਟ ਹੋਣਗੇ ਤਾਂ ਲੋਕਤੰਤਰ ਢਹਿ-ਢੇਰੀ ਹੋ ਜਾਵੇਗਾ।

(2) ਕੀ ਲੋਕਤੰਤਰੀ ਪ੍ਰਣਾਲੀ ਨਾਗਰਿਕਾਂ ਦੀ ਆਰਥਿਕ ਸਮਾਨਤਾ ਦੂਰ ਕਰ ਸਕਦੀ ਹੈ?

ਉੱਤਰ- ਨਹੀਂ, ਲੋਕਤੰਤਰੀ ਸ਼ਾਸਨ ਪ੍ਰਣਾਲੀ ਸਿੱਧੇ ਤੌਰ ਤੇ ਆਰਥਿਕ ਅਸਮਾਨਤਾ ਨੂੰ ਦੂਰ ਨਹੀਂ ਕਰ ਸਕਦੀ। ਪਰ ਇਹ ਪ੍ਰਣਾਲੀ ਅਜਿਹੀਆਂ ਨੀਤੀਆਂ ਬਣਾ ਸਕਦੀ ਹੈ ਜੋ ਆਰਥਿਕ ਅਸਮਾਨਤਾ ਨੂੰ ਘਟਾਉਣ ਵਿੱਚ ਮਦਦਗਾਰ

ਸਾਬਿਤ ਹੋ ਸਕਦੀਆਂ ਹਨ।

(3) ਲੋਕਤੰਤਰੀ ਪ੍ਰਣਾਲੀ ਵਿੱਚ ਭਿੰਨਤਾਵਾਂ ਵਿੱਚੋਂ ਏਕਤਾ ਦੀ ਪ੍ਰਾਪਤੀ ਕੀਤੀ ਜਾਂਦੀ ਹੈ, ਕੀ ਇਹ ਕਥਨ ਸੱਚ ਹੈ?
ਉੱਤਰ- ਭਾਰਤ ਵਿੱਚ ਵੱਖ-ਵੱਖ ਧਰਮਾਂ, ਜਾਤੀਆਂ, ਨਸਲਾਂ ਅਤੇ ਸੱਭਿਆਚਾਰ ਵਾਲੇ ਲੋਕ ਰਹਿੰਦੇ ਹਨ। ਭਾਰਤੀ ਸੰਵਿਧਾਨ ਨੇ ਹਰ ਧਰਮ, ਨਸਲ, ਜਾਤੀ ਦੇ ਲੋਕਾਂ ਨੂੰ ਆਪਣੇ-ਆਪਣੇ ਸੱਭਿਆਚਾਰ ਨੂੰ ਵਿਕਸਿਤ ਕਰਨ ਦੇ ਸਮਾਨ ਮੌਕੇ ਪ੍ਰਦਾਨ ਕੀਤੇ ਹਨ। ਭਾਰਤ ਦੁਨੀਆਂ ਦੇ ਦੇਸ਼ਾਂ ਲਈ ਜਿੱਥੇ ਵੱਖ-ਵੱਖ ਧਰਮਾਂ, ਜਾਤੀਆਂ ਤੇ ਸੱਭਿਆਚਾਰ ਵਾਲੇ ਲੋਕ ਹਨ, ਉਦਾਹਰਣ ਬਣ ਕੇ ਸਾਹਮਣੇ ਆਇਆ ਹੈ।
(4) ਲੋਕਤੰਤਰੀ ਪ੍ਰਬੰਧ ਦੇ ਮੁੱਖ ਤੌਰ 'ਤੇ ਕੀ ਆਰਥਿਕ ਨਤੀਜੇ ਨਿਕਲਦੇ ਹਨ?
ਉੱਤਰ- 1. ਤਾਨਾਸ਼ਾਹੀ ਸ਼ਾਸਨਾਂ ਵਿੱਚ ਆਰਥਿਕ ਵਿਕਾਸ ਦੀ ਦਰ ਲੋਕਤੰਤਰ ਪ੍ਰਣਾਲੀ ਦੇ ਮੁਕਾਬਲੇ ਥੋੜ੍ਹੀ ਜ਼ਿਆਦਾ ਹੁੰਦੀ ਹੈ। ਪਰੰਤੂ ਜਦੋਂ ਅਸੀਂ ਅਮੀਰ ਦੇਸ਼ਾਂ ਦੀਆਂ ਪ੍ਰਣਾਲੀਆਂ ਦੇ ਆਰਥਿਕ ਵਿਕਾਸ ਦੇ ਰਿਕਾਰਡ ਨੂੰ ਗਰੀਬ ਦੇਸ਼ਾਂ ਦੇ ਸੰਬੰਧ ਵਿੱਚ ਤੁਲਨਾ ਕਰਦੇ ਹਾਂ ਤਾਂ ਸਾਨੂੰ ਕੋਈ ਬਹੁਤਾ ਅੰਤਰ ਨਜ਼ਰ ਨਹੀਂ ਆਉਂਦਾ।
2. ਲੋਕਤੰਤਰੀ ਪ੍ਰਣਾਲੀ ਵਿੱਚ ਬਾਕੀ ਦੇਸ਼ਾਂ ਵਿਚਾਲੇ ਵੱਡੇ ਪੱਧਰ 'ਤੇ ਅਸਮਾਨਤਾ ਮਿਲਦੀ ਹੈ। ਦੱਖਣੀ ਅਫ਼ਰੀਕਾ ਤੇ ਬ੍ਰਾਜ਼ੀਲ ਵਰਗੇ ਲੋਕਤੰਤਰੀ ਦੇਸ਼ਾਂ ਵਿੱਚ 20% ਧਨੀ ਲੋਕ ਦੇਸ਼ ਦੀ ਆਮਦਨ ਦਾ 60% ਹਿੱਸਾ ਲੈ ਜਾਂਦੇ ਹਨ। ਹੇਠਲੀ ਸ਼੍ਰੇਣੀ ਦੇ 20% ਲੋਕਾਂ ਦੇ ਹਿੱਸੇ ਕੇਵਲ 3% ਦੇਸ਼ ਹੀ ਆਮਦਨ ਦਾ ਹਿੱਸਾ ਆਉਂਦਾ ਹੈ। ਗਰੀਬ ਦੇਸ਼ ਦੇ ਨਾਗਰਿਕਾਂ ਲਈ ਸਹੂਲਤਾਂ ਪ੍ਰਾਪਤ ਕਰਨ ਦੇ ਮੌਕਿਆਂ ਦੀ ਉਪਲੱਬਧਤਾ ਵਿੱਚ ਵੀ ਅਸਮਾਨਤਾਵਾਂ ਮਿਲਦੀਆਂ ਹਨ।

## ਪਾਠ: 5 ਅੰਤਰਰਾਸ਼ਟਰੀ ਲੋਕਤੰਤਰੀ ਸੰਸਥਾਵਾਂ- ਭਾਰਤ ਦੀ ਭੂਮਿਕਾ

**ਸਹੀ ਵਿਕਲਪ ਚੁਣੋ।**

(1) ਵਿਸ਼ਵ ਵਪਾਰ ਸੰਗਠਨ (WTO)ਦਾ ਮੁੱਖ ਦਫ਼ਤਰ ਕਿੱਥੇ ਹੈ?

(i) ਵਾਸ਼ਿੰਗਟਨ ਸੰਯੁਕਤ ਰਾਜ (ii)ਜਨੇਵਾ ਸਵਿਟਜ਼ਰਲੈਂਡ

(iii)ਕਾਠਮੰਡੂ (ਨੇਪਾਲ) (iv) ਢਾਕਾ (ਬੰਗਲਾਦੇਸ਼)

ਉੱਤਰ-(ii) ਜਨੇਵਾ, ਸਵਿਟਜ਼ਰਲੈਂਡ

(2) ਦਸੰਬਰ, 1945 ਵਿੱਚ ਕਿਹੜੀ ਸੰਸਥਾ ਦੀ ਸਥਾਪਨਾ ਹੋਈ ਸੀ?

(i) ਸੰਯੁਕਤ ਰਾਸ਼ਟਰ (ii)ਵਿਸ਼ਵ ਬੈਂਕ

(iii)ਆਲਮੀ ਵਿਸ਼ਵ ਸੰਗਠਨ (iv) ਅੰਤਰਰਾਸ਼ਟਰੀ ਮੁਦਰਾ ਫੰਡ

ਉੱਤਰ- (iv) ਅੰਤਰਰਾਸ਼ਟਰੀ ਮੁਦਰਾ ਫੰਡ (IMF)

ਖਾਲੀ ਥਾਂ ਭਰੋ

1. United Nations Day ਹਰ ਸਾਲ __ ਨੂੰ ਮਨਾਇਆ ਜਾਂਦਾ ਹੈ।
2. UN ਦਾ ਮੁੱਖ ਦਫ਼ਤਰ __ ਸ਼ਹਿਰ ਵਿਚ ਸਥਿਤ ਹੈ।

ਠੀਕ/ਗਲਤ

3. ਸੰਯੁਕਤ ਰਾਸ਼ਟਰ ਵਿਸ਼ਵ-ਮੰਚ ਹੈ ਜਿੱਥੇ ਸਭ ਮੈਂਬਰ ਦੇਸ਼ ਹਿੱਸਾ ਲੈਂਦੇ ਹਨ। (✓)
4. Security Council ਵਿੱਚ ਸਿਰਫ਼ ਚਾਰ ਸਥਾਈ ਮੈਂਬਰ ਹੁੰਦੇ ਹਨ। (×)

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ-**

(1) ਪਹਿਲੀ ਸੰਸਾਰ ਜੰਗ ਤੋਂ ਬਾਅਦ ਕਿਹੜਾ ਕੌਮਾਂਤਰੀ ਸੰਗਠਨ ਸਥਾਪਿਤ ਕੀਤਾ ਗਿਆ ਸੀ?

ਉੱਤਰ- ਰਾਸ਼ਟਰ ਸੰਘ (League of Nation)

(2) ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਤੋਂ ਪਹਿਲਾਂ ਕਿਹੜੀ ਪ੍ਰਮੁੱਖ ਜੰਗ ਹੋਈ ਸੀ?

ਉੱਤਰ- ਦੂਸਰਾ ਵਿਸ਼ਵ ਯੁੱਧ

(3) ਸੰਯੁਕਤ ਰਾਸ਼ਟਰ ਦੇ ਮੂਲ ਮੈਂਬਰ ਕਿੰਨ੍ਹੇ ਸਨ ਤੇ ਹੁਣ ਕਿੰਨ੍ਹੇ ਮੈਂਬਰ ਹਨ?

ਉੱਤਰ- ਸੰਯੁਕਤ ਰਾਸ਼ਟਰ ਦੇ ਮੂਲ ਮੈਂਬਰ 51 ਸਨ ਤੇ ਹੁਣ ਇਸ ਦੇ 193 ਮੈਂਬਰ ਹਨ ਅਤੇ ਦੋ ਨਿਰੀਖਕ ਮੈਂਬਰ ਵੀ ਹਨ।

(4) ਅੰਤਰਰਾਸ਼ਟਰੀ ਨਿਆਂਇਕ ਅਦਾਲਤ ਕਿੱਥੇ ਸਥਿੱਤ ਹੈ?

ਉੱਤਰ- ਨੀਦਰਲੈਂਡਜ਼ ਵਿੱਚ, ਹੇਗ ( Hague) ਵਿਖੇ ਸਥਿੱਤ ਹੈ।

(5)ਸਲਾਮਤੀ ਕੌਂਸਲ ਵਿੱਚ ਵਿਸ਼ੇਸ਼ ਵੋਟ ਦੇ ਅਧਿਕਾਰ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ?

ਉੱਤਰ- ਵੀਟੋ ਅਧਿਕਾਰ (Veto Power)

**ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ -**

(1) ਵਿਸ਼ਵ (ਆਲਮੀ) ਵਪਾਰ ਸੰਗਠਨ ਕੀ ਹੈ? ਇਹ ਕੀ ਕਾਰਜ ਕਰਦਾ ਹੈ?

ਉੱਤਰ- ਵਿਸ਼ਵ (ਆਲਮੀ) ਬੈਂਕ ਇੱਕ ਅੰਤਰਰਾਸ਼ਟਰੀ (ਕੌਮਾਂਤਰੀ) ਵਿੱਤੀ ਸੰਸਥਾ ਹੈ। ਇਸ ਦੀ ਸਥਾਪਨਾ ਜੁਲਾਈ, 1945 ਵਿੱਚ ਹੋਈ ਸੀ। ਇਸ ਦਾ ਮੁੱਖ ਦਫਤਰ ਵਸ਼ਿੰਗਟਨ ਵਿੱਚ ਸਥਿਤ ਹੈ। ਇਹ ਸੰਸਥਾ ਆਪਣੇ ਮੈਂਬਰਾਂ ਨੂੰ ਕਰਜੇ ਅਤੇ ਗਰਾਂਟਾਂ ਪ੍ਰਦਾਨ ਕਰਦੀ ਹੈ। ਇਹ ਮਨੁੱਖੀ ਵਿਕਾਸ (ਸਿੱਖਿਆ ਤੇ ਸਿਹਤ) ਖੇਤੀਬਾੜੀ ਅਤੇ ਪੇਂਡੂ ਵਿਕਾਸ (ਸਿੰਚਾਈ), ਵਾਤਾਵਰਨ ਦੇ ਬਚ-ਬਚਾਅ ਆਦਿ 'ਤੇ ਕੰਮ ਕਰਦੀ ਹੈ।

(2). ਸਾਰਕ ਕੀ ਹੈ ?ਇਸ ਦੇ ਮੈਂਬਰਾਂ ਦੇ ਨਾਮ ਲਿਖੋ।

ਉੱਤਰ-ਸਾਰਕ ਦਾ ਪੂਰਾ ਨਾਂ ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਘ (South Asian Association for Regional Cooperation) ਹੈ। ਇਸ ਦੀ ਸਥਾਪਨਾ 08 ਦਸੰਬਰ 1985 ਈ. ਨੂੰ ਢਾਕਾ (ਬੰਗਾਲ ਦੇਸ਼) ਵਿੱਚ ਹੋਈ ਸੀ। ਇਸ ਦਾ ਮੁੱਖ ਦਫ਼ਤਰ ਕਾਠਮੰਡੂ ਨੇਪਾਲ ਵਿੱਚ ਸਥਿੱਤ ਹੈ। ਇਸ ਤੇ ਮੁੱਖ ਮੈਂਬਰ ਹਨ-

1. ਭਾਰਤ 2. ਪਾਕਿਸਤਾਨ 3. ਬੰਗਲਾਦੇਸ਼ 4. ਨੇਪਾਲ

5.ਮਾਲਦੀਵ 6.ਸ੍ਰੀਲੰਕਾ 7. ਭੂਟਾਨ 8.ਅਫ਼ਗਾਨਿਸਤਾਨ

(3). ਸੰਯੁਕਤ ਰਾਸ਼ਟਰ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ?

ਉੱਤਰ- ਸੰਯੁਕਤ ਰਾਸ਼ਟਰ ਦੇ ਛੇ ਮੁੱਖ ਅੰਗ ਹਨ-

1.ਮਹਾਂਸਭਾ

2. ਸੁਰੱਖਿਆ ਪਰਿਸ਼ਦ ਜਾਂ ਸਲਾਮਤੀ ਕੌਂਸਲ

3 ਆਰਥਿਕ ਅਤੇ ਸਮਾਜਿਕ ਪਰਿਸ਼ਦ

4. ਅਮਾਨਤੀ ਪਰਿਸ਼ਦ

5. ਅੰਤਰਰਾਸ਼ਟਰੀ ਕੌਮਾਂਤਰੀ ਨਿਆਂਇਕ ਅਦਾਲਤ

6.ਸਕੱਤਰੇਤ

(4). ਸੰਯੁਕਤ ਰਾਸ਼ਟਰ ਸੰਘ ਦਾ ਪਿਛੋਕੜ ਕੀ ਸੀ?

ਉੱਤਰ-25 ਅਪ੍ਰੈਲ 1945 ਨੂੰ ਅੰਤਰਰਾਸ਼ਟਰੀ ਸੰਗਠਨ ਦੀ ਸਥਾਪਨਾ ਦਾ ਉਦੇਸ਼ ਵਿਸ਼ਵ ਭਰ ਵਿੱਚੋਂ ਯੁੱਧਾਂ ਨੂੰ ਸਮਾਪਤ ਕਰਨਾ ਸੀ। ਸੰਯੁਕਤ ਰਾਜ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਵਿੱਚ ਇੱਕ ਅੰਤਰਰਾਸ਼ਟਰੀ ਸੰਮੇਲਨ ਹੋਇਆ। ਇਸ ਸੰਮੇਲਨ ਵਿੱਚ 51 ਦੇਸ਼ਾਂ ਨੇ ਭਾਗ ਲਿਆ। ਇਹ ਸੰਮੇਲਨ 26 ਜੂਨ, 1945 ਤੱਕ ਚੱਲਦਾ ਰਿਹਾ

## ਸਰੋਤ ਅਧਾਰਿਤ ਪ੍ਰਸ਼ਨ

### ਹੇਠਾਂ ਦਿੱਤਾ ਪੈਰਾ ਪੜ੍ਹ ਕੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-

ਭਾਰਤ ਦੇ ਵਿਧਾਨ ਮੰਡਲਾਂ ਵਿੱਚ ਔਰਤ ਪ੍ਰਤੀਨਿਧੀਆਂ ਦੀ ਸੰਖਿਆ ਬਹੁਤ ਘੱਟ ਹੈ। ਲੋਕ ਸਭਾ ਦੇ ਮੁਕਾਬਲੇ ਵਿਧਾਨ ਸਭਾਵਾਂ ਵਿੱਚ ਇਹ ਸੰਖਿਆ ਹੋਰ ਵੀ ਘੱਟ ਹੈ। ਅਸੀਂ ਜਦੋਂ ਭਾਰਤੀ ਸੰਸਦ ਵਿੱਚ ਔਰਤਾਂ ਦੀ ਸੰਖਿਆ ਦੀ ਤੁਲਨਾ ਹੋਰ ਦੇਸ਼ਾਂ ਦੀਆਂ ਸੰਸਦਾਂ ਨਾਲ ਕਰਦੇ ਹਾਂ ਤਾਂ ਸਾਹਮਣੇ ਆਉਂਦਾ ਹੈ ਕਿ ਭਾਰਤ ਇਸ ਮਾਮਲੇ ਵਿੱਚ ਕਾਫੀ ਪਿੱਛੇ ਹੈ। ਹੇਠਾਂ ਦਿੱਤੇ ਗਏ ਅੰਕੜਿਆਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ।

ਭਾਰਤ ਵਿੱਚ ਲੋਕ ਸਭਾ ਦੀਆਂ ਕੁੱਲ 543 ਸੀਟਾਂ ਉੱਪਰ ਚੋਣਾਂ ਕਰਵਾਈਆਂ ਜਾਂਦੀਆਂ ਹਨ। ਜਿਨ੍ਹਾਂ ਵਿੱਚੋਂ ਪਹਿਲੀ ਲੋਕ ਸਭਾ ਵਿੱਚ 22 ਇਸਤਰੀਆਂ ਲੋਕ ਸਭਾ ਲਈ ਚੁਣੀਆਂ ਗਈਆਂ। ਇਵੇਂ ਹੀ ਦੂਜੀ ਲੋਕ ਸਭਾ ਵਿੱਚ 27, ਤੀਸਰੀ ਲੋਕ ਸਭਾ ਵਿੱਚ 34, ਚੌਥੀ ਲੋਕ ਸਭਾ ਵਿੱਚ 31, ਪੰਜਵੀਂ ਲੋਕ ਸਭਾ ਵਿੱਚ 22, ਛੇਵੀਂ ਲੋਕ ਸਭਾ ਵਿੱਚ 19, ਸੱਤਵੀਂ ਲੋਕ ਸਭਾ ਵਿੱਚ 28, ਅੱਠਵੀਂ ਲੋਕ ਸਭਾ ਵਿੱਚ 44, ਨੌਵੀਂ ਲੋਕ ਸਭਾ ਵਿੱਚ 27, ਦਸਵੀਂ ਲੋਕ ਸਭਾ ਵਿੱਚ 39, ਗਿਆਰਵੀਂ ਲੋਕ ਸਭਾ ਵਿੱਚ 39, ਬਾਰ੍ਹਵੀਂ ਲੋਕ ਸਭਾ ਵਿੱਚ 43, ਤੇਰ੍ਹਵੀਂ ਲੋਕ ਸਭਾ ਵਿੱਚ 49, 14ਵੀਂ ਲੋਕ ਸਭਾ ਵਿੱਚ 45, ਪੰਦਰਵੀਂ ਲੋਕ ਸਭਾ ਵਿੱਚ 59, ਸੋਲ੍ਹਵੀਂ ਲੋਕ ਸਭਾ ਵਿੱਚ 62 ਅਤੇ ਸਤਾਰ੍ਹਵੀਂ ਲੋਕ ਸਭਾ ਵਿੱਚ 79 ਔਰਤਾਂ ਸੰਸਦ ਦੇ ਇਸ ਸਦਨ ਵਿੱਚ ਚੁਣੀਆਂ ਗਈਆਂ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(i) ਕਿਹੜੀ ਲੋਕ ਸਭਾ ਵਿੱਚ ਸਭ ਤੋਂ ਘੱਟ ਇਸਤਰੀ ਮੈਂਬਰ ਸਨ?

ਉੱਤਰ- ਸਭ ਤੋਂ ਘੱਟ ਇਸਤਰੀ ਮੈਂਬਰ ਛੇਵੀਂ ਲੋਕ ਸਭਾ ਵਿੱਚ ਸਨ, ਜਿੱਥੇ ਕੇਵਲ 19 ਇਸਤਰੀ ਮੈਂਬਰ ਸਨ।

(ii) ਕਿਹੜੀ ਲੋਕ ਸਭਾ ਵਿੱਚ ਇਸਤਰੀ ਮੈਂਬਰਾਂ ਦੀ ਗਿਣਤੀ ਸਭ ਤੋਂ ਵੱਧ ਰਹੀ?

ਉੱਤਰ -ਸਭ ਤੋਂ ਵੱਧ ਇਸਤਰੀ ਮੈਂਬਰ ਸਤਾਰ੍ਹਵੀਂ ਲੋਕ ਸਭਾ ਵਿੱਚ ਸਨ, ਜਿੱਥੇ 79 ਇਸਤਰੀ ਮੈਂਬਰ ਚੁਣੀਆਂ ਗਈਆਂ।

(iii) ਕਿਹੜੀਆਂ-ਕਿਹੜੀਆਂ ਲੋਕ ਸਭਾਵਾਂ ਵਿੱਚ ਇਸਤਰੀ ਮੈਂਬਰਾਂ ਦੀ ਗਿਣਤੀ ਸਮਾਨ ਰਹੀ ਹੈ?

ਉੱਤਰ- ਦਸਵੀਂ ਲੋਕ ਸਭਾ ਅਤੇ ਗਿਆਰਵੀਂ ਲੋਕ ਸਭਾ, ਦੋਵਾਂ ਵਿੱਚ 39 ਮੈਂਬਰ ਸਨ।

(iv) ਕਿਹੜੀ ਲੋਕ ਸਭਾ ਤੋਂ ਇਸਤਰੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧੀ ਹੈ?

ਉੱਤਰ- ਪੰਦਰਵੀਂ ਲੋਕ ਸਭਾ ਤੋਂ ਸਤਾਰ੍ਹਵੀਂ ਲੋਕ ਸਭਾ ਤੱਕ ਇਸਤਰੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧੀ ਹੈ।

ਹੇਠਾਂ ਦਿੱਤਾ ਪੈਰਾ ਪੜ੍ਹ ਕੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-

ਭਾਰਤ ਦੇ ਸੰਵਿਧਾਨ ਵਿੱਚ ਮੌਲਿਕ ਪੱਧਰ 'ਤੇ ਭਾਰਤੀ ਨਾਗਰਿਕਾਂ ਲਈ ਮੌਲਿਕ ਕਰਤੱਵਾਂ ਦੀ ਕੋਈ ਵਿਵਸਥਾ ਨਹੀਂ ਸੀ ਜਦੋਂ ਕਿ ਸੰਵਿਧਾਨ ਦੇ ਅਨੁਛੇਦ 14 ਤੋਂ 32 ਤੱਕ ਮੌਲਿਕ ਅਧਿਕਾਰਾਂ ਦੀ ਵਿਸਤ੍ਰਿਤ ਵਿਵਸਥਾ ਸੀ। ਇਹ ਮੌਲਿਕ ਅਧਿਕਾਰ ਸੰਯੁਕਤ ਰਾਜ ਅਮਰੀਕਾ(U.S.A), ਫਰਾਂਸ ਅਤੇ ਸਾਬਕਾ ਸੋਵੀਅਤ ਸੰਘ (U.S.S.R) ਜੋ ਕਿ ਹੁਣ ਰੂਸ ਹੈ, ਦੇ ਸੰਵਿਧਾਨਾਂ ਦੇ ਸੰਬੰਧਿਤ ਅਨੁਛੇਦਾਂ ਦੀ ਤਰਜ਼ ਉੱਤੇ ਹੀ ਭਾਰਤੀ ਸੰਵਿਧਾਨ ਵਿੱਚ ਸ਼ਾਮਿਲ ਕੀਤੇ ਗਏ ਸਨ। ਭਾਰਤ ਦੀ ਸੰਸਦ ਵੱਲੋਂ ਸੰਨ 1976 ਵਿੱਚ ਸੰਵਿਧਾਨ ਦੀ 42ਵੀਂ ਸੋਧ ਕਰਦਿਆਂ ਮੌਲਿਕ ਕਰਤੱਵਾਂ ਨੂੰ ਭਾਰਤੀ ਸੰਵਿਧਾਨ ਵਿੱਚ ਸ਼ਾਮਿਲ ਕੀਤਾ ਗਿਆ। ਇਹ ਮੌਲਿਕ ਕਰਤੱਵਾਂ ਦੀ ਸਾਬਕਾ ਸੋਵੀਅਤ ਸੰਘ (U.S.S.R) ਜੋ ਕਿ ਹੁਣ

ਰੂਸ (Russia) ਹੈ, ਦੇ ਸੰਵਿਧਾਨ ਦੇ ਸੰਬੰਧਿਤ ਅਨੁਛੇਦਾਂ ਦੀ ਤਰਜ਼ ਤੇ ਬਣਾਏ ਗਏ ਸਨ। ਇਸ ਸੋਧ ਨਾਲ 10 ਮੌਲਿਕ ਕਰਤੱਵ ਸ਼ਾਮਿਲ ਕੀਤੇ ਗਏ ਜਦੋਂ ਕਿ ਸੰਨ 2002 ਵਿੱਚ ਸੰਵਿਧਾਨ ਦੀ 86ਵੀਂ ਸੋਧ ਨਾਲ ਗਿਆਰਵਾਂ ਮੌਲਿਕ ਅਧਿਕਾਰ ਸ਼ਾਮਿਲ ਕੀਤਾ ਗਿਆ। ਇਹਨਾਂ ਕਰਤੱਵਾਂ ਦੀ ਕ੍ਰਮ ਅਨੁਸਾਰ ਤਫਸ਼ੀਲ ਇਵੇਂ ਹੈ-

1. ਸੰਵਿਧਾਨ ਦੀ ਪਾਲਣਾ ਕਰਨੀ, ਇਸ ਦੇ ਆਦਰਸ਼ਾਂ, ਸੰਸਥਾਵਾਂ, ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦਾ ਸਨਮਾਨ ਕਰਨਾ।
2. ਉਹਨਾਂ ਸਾਰੇ ਆਦਰਸ਼ਾਂ ਦਾ ਸਨਮਾਨ ਕਰਨਾ 'ਤੇ ਪਾਲਣਾ ਕਰਨੀ ਜਿਨਾਂ ਨੇ ਸੁਤੰਤਰਤਾ ਪ੍ਰਾਪਤੀ ਲਈ ਸੰਘਰਸ਼ ਨੂੰ ਉਤਸ਼ਾਹਿਤ ਕੀਤਾ।
3. ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਵਿੱਚ ਵਿਸ਼ਵਾਸ ਕਰਨਾ ਤੇ ਉਸਦੀ ਰੱਖਿਆ ਕਰਨੀ।
4. ਦੇਸ਼ ਦੀ ਰੱਖਿਆ ਕਰਨੀ ਅਤੇ ਲੋੜ ਪੈਣ 'ਤੇ ਰਾਸ਼ਟਰੀ ਸੇਵਾ ਕਰਨਾ।
5. ਧਾਰਮਿਕ, ਭਾਸ਼ਾਈ, ਖੇਤਰੀ ਅਤੇ ਵਰਗਾਂ ਸੰਬੰਧੀ ਵੱਖਰੇਵਿਆਂ ਤੋਂ ਉੱਪਰ ਉੱਠ ਕੇ, ਭਾਰਤ ਦੇ ਸਾਰੇ ਨਾਗਰਿਕਾਂ ਵਿੱਚ ਮੇਲ-ਜੋਲ ਅਤੇ ਸਾਂਝੇ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਕਰਨਾ ਅਤੇ ਅਜਿਹੇ ਰੀਤੀ-ਰਿਵਾਜਾਂ ਨੂੰ ਤਿਆਗਣਾ ਜੋ ਖਾਸ ਕਰ ਇਸਤਰੀਆਂ ਦੇ ਸਨਮਾਨ ਦੇ ਵਿਰੁੱਧ ਹੋਣ।
6. ਆਪਣੇ ਮਿਸ਼ਰਤ ਸੱਭਿਆਚਾਰ ਅਤੇ ਸ਼ਾਨਦਾਰ ਵਿਰਸੇ ਦਾ ਸਤਿਕਾਰ ਕਰਨਾ ਅਤੇ ਉਸਦੀ ਸੰਭਾਲ ਕਰਨੀ।
7. ਜੰਗਲਾਂ, ਝੀਲਾਂ, ਨਦੀਆਂ ਅਤੇ ਜੰਗਲੀ ਜੀਵਨ ਵਰਗੇ ਕੁਦਰਤੀ ਵਾਤਾਵਰਨ ਦੀ ਰੱਖਿਆ ਕਰਨੀ ਅਤੇ ਉਸ ਵਿੱਚ ਸੁਧਾਰ ਕਰਨਾ ਅਤੇ ਸਾਰੇ ਜਾਨਦਾਰ ਜੀਵ-ਜੰਤੂਆਂ ਪ੍ਰਤੀ ਨਰਮੀ ਵਾਲਾ ਭਾਵ ਰੱਖਣਾ।
8. ਆਪਣੇ ਦ੍ਰਿਸ਼ਟੀਕੋਣ ਵਿੱਚ ਵਿਗਿਆਨਿਕ, ਮਾਨਵਵਾਦੀ, ਜਾਂਚ-ਪੜਤਾਲ ਅਤੇ ਸੁਧਾਰ ਆਦਿ ਭਾਵਨਾਵਾਂ ਨੂੰ ਵਿਕਸਿਤ ਕਰਨਾ।
9. ਸਰਵਜਨਕ ਸੰਪੱਤੀ ਦੀ ਰੱਖਿਆ ਕਰਨੀ ਅਤੇ ਹਿੰਸਾ ਨੂੰ ਤਿਆਗਣਾ।

10. ਨਿੱਜੀ ਤੇ ਸਮੂਹਿਕ ਗਤੀਵਿਧੀਆਂ ਦੇ ਸਾਰੇ ਖੇਤਰਾਂ ਵਿੱਚ ਸ੍ਰੇਸ਼ਟਠਾ ਪ੍ਰਾਪਤ ਕਰਨ ਦਾ ਯਤਨ ਕਰਨਾ ਤਾਂ ਜੋ ਰਾਸ਼ਟਰੀ ਉੱਨਤੀ ਅਤੇ ਸਫ਼ਲਤਾ ਦੇ ਸਿਖ਼ਰ ਦੀ ਪ੍ਰਾਪਤੀ ਕੀਤੀ ਜਾ ਸਕੇ।
11. ਦੇਸ਼ ਦੇ ਨਾਗਰਿਕ ਮਾਪਿਆਂ ਤੇ ਸਰਪ੍ਰਸਤਾਂ ਵੱਲੋਂ ਅਜਿਹੇ ਹਾਲਤ ਤੇ ਮੌਕੇ ਬੱਚਿਆਂ ਨੂੰ ਉਪਲੱਬਧ ਕਰਵਾਉਣੇ ਜਾਣ ਕਿ ਉਹ ਸਿੱਖਿਆ ਪ੍ਰਾਪਤ ਕਰ ਸਕਣ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

1. ਭਾਰਤ ਦੇ ਰਾਸ਼ਟਰੀ ਝੰਡੇ ਦਾ ਸਨਮਾਨ ਕਰਨਾ, ਭਾਰਤੀ ਨਾਗਰਿਕਾਂ ਦਾ ਫਰਜ਼ ਕਿਵੇਂ ਹੈ?

ਉੱਤਰ- ਭਾਰਤੀ ਸੰਵਿਧਾਨ ਦੇ ਅਨੁਛੇਦ 51A ਦੇ ਤਹਿਤ, ਹਰ ਨਾਗਰਿਕ ਦਾ ਮੌਲਿਕ ਕਰਤੱਵ ਹੈ ਕਿ ਉਹ ਸੰਵਿਧਾਨ

ਦੀ ਪਾਲਣਾ ਕਰੇ। ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦਾ ਸਨਮਾਨ ਕਰੇ। ਇਹ ਰਾਸ਼ਟਰ ਪ੍ਰਤੀ ਸਮਰਪਣ ਅਤੇ ਏਕਤਾ ਦੀ ਨਿਸ਼ਾਨੀ ਹੈ। ਇਸ ਫਰਜ਼ ਰਾਹੀਂ ਨਾਗਰਿਕਾਂ ਵਿੱਚ ਦੇਸ਼-ਭਗਤੀ ਜਗਾਈ ਜਾਂਦੀ ਹੈ।

2. ਵਹਿਮਾਂ-ਭਰਮਾਂ ਵਿੱਚ ਪੈ ਕੇ ਆਪਣੇ ਆਪ ਨੂੰ ਲੁੱਟ ਤੋਂ ਬਚਾਉਣਾ, ਕੀ ਸਾਡੇ ਲਈ ਸੰਵਿਧਾਨਿਕ ਫਰਜ਼ ਹੈ? ਕਿਵੇਂ?
ਉੱਤਰ- ਹਾਂ, ਇਹ ਸੰਵਿਧਾਨਿਕ ਫਰਜ਼ ਨਾਲ ਜੁੜਿਆ ਹੋਇਆ ਹੈ। ਹਰ ਨਾਗਰਿਕ ਦਾ ਕਰਤੱਵ ਹੈ ਕਿ ਉਹ ਵਿਗਿਆਨਿਕ ਦ੍ਰਿਸ਼ਟੀਕੋਣ, ਮਾਨਵਵਾਦੀ ਸੋਚ ਅਤੇ ਜਾਂਚ-ਪੜਤਾਲ ਵਾਲੀ ਭਾਵਨਾ ਨੂੰ ਵਿਕਸਿਤ ਕਰੇ। ਵਹਿਮਾਂ-ਭਰਮਾਂ ਤੋਂ ਉੱਪਰ ਉਠ ਕੇ ਸੋਚਣਾ ਅਤੇ ਵਿਗਿਆਨਕ ਤਰੀਕੇ ਨਾਲ ਸੋਚਣਾ, ਸਾਡੇ ਲਈ ਇੱਕ ਮੌਲਿਕ ਕਰਤੱਵ ਹੈ ਜੋ ਸਾਨੂੰ ਲੁੱਟ ਤੋਂ ਬਚਾਉਂਦਾ ਹੈ।

3. ਯੂ.ਐਸ.ਏ ਅਤੇ ਯੂ.ਐੱਸ. ਐੱਸ. ਆਰ ਦੇ ਅੰਗਰੇਜ਼ੀ ਵਿੱਚ ਪੂਰੇ-ਪੂਰੇ ਨਾਮ ਕੀ ਹਨ?
ਉੱਤਰ- ਯੂ.ਐੱਸ.ਏ. - ਸੰਯੁਕਤ ਰਾਜ ਅਮਰੀਕਾ
ਯੂ.ਐਸ.ਐਸ.ਆਰ. ਸੋਵੀਅਤ ਸਮਾਜਵਾਦੀ ਗਣਰਾਜਾਂ ਦਾ ਸੰਘ

4. ਸੰਵਿਧਾਨ ਵਿੱਚ ਦੋ ਵਾਰ ਮੌਲਿਕ ਕਰਤੱਵ ਸ਼ਾਮਿਲ ਕੀਤੇ ਜਾਣ ਦਾ ਆਪਸੀ ਵਕਫ਼ਾ ਕਿੰਨ੍ਹਾ ਸੀ?
ਉੱਤਰ- ਪਹਿਲੀ ਵਾਰ 1976 ਵਿੱਚ 42ਵੀਂ ਸੰਵਿਧਾਨਿਕ ਸੋਧ ਰਾਹੀਂ 10 ਮੌਲਿਕ ਕਰਤੱਵ ਸ਼ਾਮਿਲ ਕੀਤੇ ਗਏ। ਦੂਜੀ ਵਾਰ 2002 ਵਿੱਚ 86ਵੀਂ ਸੰਵਿਧਾਨਿਕ ਸੋਧ ਰਾਹੀਂ ਗਿਆਰਵਾਂ ਕਰਤੱਵ ਸ਼ਾਮਿਲ ਕੀਤਾ ਗਿਆ। ਇਸ ਤਰ੍ਹਾਂ, ਦੋਹਾਂ ਸੋਧਾਂ ਵਿੱਚ 26 ਸਾਲ ਦਾ ਵਖ਼ਵਾਂ ਸੀ।
5.ਭਾਰਤੀ ਸੰਵਿਧਾਨ ਵਿੱਚ ਕਿਹੜੀ-ਕਿਹੜੀ ਸੋਧ ਰਾਹੀਂ ਮੌਲਿਕ ਕਰਤੱਵ ਸ਼ਾਮਿਲ ਕੀਤੇ ਗਏ?
ਉੱਤਰ- 42ਵੀਂ ਸੋਧ (1976) ਰਾਹੀਂ10 ਮੌਲਿਕ ਕਰਤੱਵ ਸ਼ਾਮਿਲ ਕੀਤੇ ਗਏ ਅਤੇ 86ਵੀਂ ਸੋਧ (2002) ਰਾਹੀਂ11ਵਾਂ ਮੌਲਿਕ ਕਰਤੱਵ

**ਹੇਠਾਂ ਦਿੱਤਾ ਪੈਰ੍ਹਾ ਪੜ੍ਹ ਕੇ ਅੱਗੇ ਦਿੱਤੇ ਉੱਤਰ ਪ੍ਰਸ਼ਨਾਂ ਦੇ ਉੱਤਰ ਦਿਓ -**

ਭਾਰਤ ਵਿੱਚ ਸੰਨ 1951 ਵਿੱਚ ਆਮ ਚੋਣਾਂ ਦਾ ਅਮਲ ਸ਼ੁਰੂ ਹੋਣ ਮਗਰੋਂ ਲਗਾਤਾਰ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਹੀ ਬਣਦੀਆਂ ਰਹੀਆਂ। ਪੰਡਿਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ ਤੇ ਇੰਦਰਾ ਗਾਂਧੀ ਬਾਕਾਇਦਾ ਚੁਣੇ ਗਏ ਪ੍ਰਧਾਨ ਮੰਤਰੀ ਬਣੇ ਜਦੋਂ ਕਿ ਗੁਲਜ਼ਾਰੀ ਲਾਲ ਨੰਦਾ ਦੋ ਵਾਰ ਕਾਇਮੁਕਾਮ ਪ੍ਰਧਾਨ ਮੰਤਰੀ ਬਣੇ। ਇੰਦਰਾ ਗਾਂਧੀ ਵੱਲੋਂ ਆਪਣੇ ਸਿਆਸੀ ਰੁੱਤਬੇ ਨੂੰ ਕਾਇਮ ਰੱਖਣ ਲਈ ਸੰਨ 1975 ਵਿੱਚ ਦੇਸ਼ ਭਰ ਵਿੱਚ ਐਮਰਜੈਂਸੀ ਲਾ ਕੇ ਲੋਕਾਂ ਅਤੇ ਵਿਰੋਧੀ ਸਿਆਸੀ ਆਗੂਆਂ ਉੱਤੇ ਕੀਤੇ ਗਏ ਜ਼ੁਲਮਾਂ ਕਾਰਨ ਸੰਨ 1977 ਵਿੱਚ ਆਮ ਚੋਣਾਂ ਤੋਂ ਬਾਅਦ ਪਹਿਲੀ ਵਾਰ ਗੈਰ-ਕਾਂਗਰਸੀ, ਜਨਤਾ ਪਾਰਟੀ ਦੀ ਸਰਕਾਰ, ਮੁਰਾਰਜੀ ਦੇਸਾਈ ਦੀ ਅਗਵਾਈ

ਵਿੱਚ ਬਣੀ। ਮੁਰਾਰਜੀ ਦੇਸਾਈ ਪਹਿਲਾਂ ਕਾਂਗਰਸ ਪਾਰਟੀ ਦੇ ਮੈਂਬਰ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਵੀ ਰਹੇ ਸਨ, ਪਰ ਅਹੁਦੇ ਨਾ ਮਿਲਣ ਮਗਰੋਂ ਜਨਤਾ ਪਾਰਟੀ ਦੇ ਆਗੂ ਵੱਜੋਂ ਵਿਚਰਨ ਲੱਗੇ ਸਨ। ਉਹ ਪਹਿਲੇ ਗੁਜਰਾਤੀ ਆਗੂ ਸਨ ਜੋ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪਹੁੰਚੇ। ਇਸੇ ਸਰਕਾਰ ਨੇ ਸਮਾਜਿਕ ਅਤੇ ਆਰਥਿਕ ਪੱਛੜੇਪਨ ਦੇ ਸ਼ਿਕਾਰ ਵਰਗਾਂ ਨੂੰ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਦੇ ਕੇ ਆਮ ਵਰਗ ਦੇ ਬਰਾਬਰ ਲਿਆਉਣ ਦੀ ਇੱਛਾ ਨਾਲ ਜਨਵਰੀ, 1979 ਵਿੱਚ ਬਿੰਦੇਸ਼ਵੀ ਪ੍ਰਸਾਦ ਮੰਡਲ ਦੀ ਅਗਵਾਈ ਵਿੱਚ ਕਮਿਸ਼ਨ ਦੀ ਸਥਾਪਨਾ ਕੀਤੀ ਜਿਸ ਨੇ ਆਪਣੀ ਰਿਪੋਰਟ ਦਸੰਬਰ 1980 ਵਿੱਚ ਰਾਸ਼ਟਰਪਤੀ ਨੂੰ ਸੌਂਪ ਦਿੱਤੀ। ਪਰ ਉਦੋਂ ਤੱਕ ਮੁੜ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣ ਚੁੱਕੀ ਸੀ ਅਤੇ ਰਿਪੋਰਟ ਉੱਤੇ ਕੋਈ ਕਾਰਵਾਈ ਨਾ ਹੋਈ। ਦਸੰਬਰ, 1984 ਵਿੱਚ ਰਾਜੀਵ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਸਰਕਾਰ ਤੋਂ ਬਾਅਦ ਦਸੰਬਰ, 1989 ਵਿੱਚ ਮੁੜ ਗੈਰ ਕਾਂਗਰਸੀ ਸਰਕਾਰ ਵਿਸ਼ਵਨਾਥ ਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਬਣੀ। ਸੰਨ 1977 ਵਾਂਗ ਹੀ ਇਹ ਸਰਕਾਰ ਵੀ ਕਈ ਪਾਰਟੀਆਂ ਦਾ ਗੱਠਜੋੜ ਸੀ। ਇਸ ਸਰਕਾਰ ਦੀ ਕੈਬਨਿਟ ਵਿੱਚ ਭਾਵੇਂ ਬਹੁਤ ਵੱਡਾ ਸਮਤੋਲ ਵੇਖਣ ਵਿੱਚ ਆਇਆ ਪਰ ਨੈਸ਼ਨਲ ਫਰੰਟ ਦੀ ਇਸ ਸਰਕਾਰ ਨੂੰ ਖੱਬੇ ਪੱਖੀ ਫਰੰਟ ਤੇ ਭਾਰਤੀ ਜਨਤਾ ਪਾਰਟੀ ਦਾ ਸਮਰਥਨ ਸੀ। ਛੇਤੀ ਹੀ ਖੱਬੇ ਤੇ ਸੱਜੇ ਫ਼ਰੰਟ ਨੇ ਸਰਕਾਰ ਦੀ ਖਿੱਚੋਤਾਣ ਆਰੰਭ ਦਿੱਤੀ ਅਤੇ ਭਾਰਤੀ ਜਨਤਾ ਪਾਰਟੀ ਨੇ ਰਾਮ ਮੰਦਰ ਲਈ ਰੱਥ ਯਾਤਰਾ ਆਰੰਭ ਕੀਤੀ ਜਿਸਦੀ ਕਾਟ ਲਈ ਅਗਸਤ, 1990 ਵਿੱਚ ਵਿਸ਼ਵਨਾਥ ਪ੍ਰਤਾਪ ਸਿੰਘ ਨੇ ਫੌਰੀ ਤੌਰ 'ਤੇ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰ ਦਿੱਤੀ ਜਿਸ ਰਾਹੀਂ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਰਾਖਵਾਂਕਰਨ ਦੇ ਦਿੱਤਾ ਗਿਆ। ਰਿਪੋਰਟ ਲਾਗੂ ਹੁੰਦੇ ਸਾਰ ਹੀ ਆਮ ਵਰਗ ਵੱਲੋਂ ਇਸ ਦਾ ਸਖ਼ਤ ਵਿਰੋਧ ਕੀਤਾ ਗਿਆ। ਰਿਪੋਰਟ ਤਾਂ ਲਾਗੂ ਹੋਈ ਪਰ ਵਿਸ਼ਵਨਾਥ ਪ੍ਰਤਾਪ ਸਿੰਘ ਸਰਕਾਰ ਡਿੱਗ ਪਈ ਤੇ ਇੱਕ ਵਾਰ ਫਿਰ ਕਾਇਮੁਕਾਮ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਚੰਦਰ ਸ਼ੇਖਰ ਸਾਹਮਣੇ ਆਏ। ਇਸ ਤੋਂ ਪਹਿਲਾਂ 1977 ਵਿੱਚ ਚੌਧਰੀ ਚਰਨ ਸਿੰਘ ਵੀ ਇੱਕ ਵਾਰ ਥੋੜ੍ਹ-ਚਿਰੇ ਪ੍ਰਧਾਨ ਮੰਤਰੀ ਰਹੇ ਸਨ ਪਰ ਹੁਣ ਇੱਕ ਵਾਰ ਫਿਰ ਭਾਰਤ ਦੀ ਕੇਂਦਰ ਸਰਕਾਰ ਅਸਥਿਰ ਹੋ ਚੁੱਕੀ ਸੀ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

(1) ਭਾਰਤ ਦੇ ਪ੍ਰਧਾਨ ਮੰਤਰੀ ਰਹੇ ਕੋਈ ਦੋ ਗੁਜਰਾਤੀ ਆਗੂਆਂ ਦੇ ਨਾਮ ਲਿਖੋ।
ਉੱਤਰ - ਮੁਰਾਰਜੀ ਦੇਸਾਈ ਅਤੇ ਨਰੇਂਦਰ ਦਮੋਦਰ ਦਾਸ ਮੋਦੀ

(2) ਮੰਡਲ ਕਮਿਸ਼ਨ ਰਿਪੋਰਟ ਲਾਗੂ ਹੋਣ ਮਗਰੋਂ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਧਿਰਾਂ ਨੇ ਕਿਸੇ ਪ੍ਰਕਾਰ ਦੀ ਪ੍ਰਤਿਕਿਰਿਆ ਕਿਉਂ ਨਾ ਵਿਖਾਈ?
ਉੱਤਰ- ਅਨੁਸੂਚਿਤ ਜਾਤੀਆਂ ਨੂੰ ਪਹਿਲਾਂ ਹੀ ਰਾਖਵਾਂਕਰਨ ਦਾ ਲਾਭ ਮਿਲ ਰਿਹਾ ਸੀ, ਇਸ ਲਈ ਉਹਨਾਂ ਨੇ ਮੰਡਲ ਕਮਿਸ਼ਨ ਰਿਪੋਰਟ ਦੇ ਲਾਗੂ ਹੋਣ 'ਤੇ ਵੱਖਰਾ ਵਿਰੋਧ ਜਾਂ ਪ੍ਰਤਿਕਿਰਿਆ ਨਹੀਂ ਦਿੱਤੀ।

(3) ਅਜਿਹੇ ਕੋਈ ਤਿੰਨ ਆਗੂਆਂ ਦੇ ਨਾਮ ਲਿਖੋ ਜੋ ਥੋੜ੍ਹ-ਚਿਰੇ ਜਾਂ ਕਾਇਮੁਕਾਮ ਪ੍ਰਧਾਨ ਮੰਤਰੀ ਰਹੇ।

ਉੱਤਰ-ਗੁਲਜ਼ਾਰੀ ਲਾਲ ਨੰਦਾ, ਚੌਧਰੀ ਚਰਨ ਸਿੰਘ, ਚੰਦਰ ਸ਼ੇਖਰ

(4) ਮੰਡਲ ਕਮਿਸ਼ਨ ਵੱਲੋਂ ਰਾਸ਼ਟਰਪਤੀ ਨੂੰ ਰਿਪੋਰਟ ਸੌਂਪੇ ਜਾਣ ਮੌਕੇ ਭਾਰਤ ਦੇ ਰਾਸ਼ਟਰਪਤੀ ਕੌਣ ਸਨ?

ਉੱਤਰ- ਗਿਆਨੀ ਜ਼ੈਲ ਸਿੰਘ

(5) ਭਾਰਤ ਦੀਆਂ ਪਹਿਲੀਆਂ ਦੋ ਗੈਰ-ਕਾਂਗਰਸੀ ਸਰਕਾਰਾਂ ਕਿਹੜੇ-ਕਿਹੜੇ ਸੰਨ ਵਿੱਚ ਸਥਾਪਿਤ ਹੋਈਆਂ?

ਉੱਤਰ- 1977 ਵਿੱਚ ਮੁਰਾਰਜੀ ਦੇਸਾਈ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਅਤੇ 1989 ਵਿੱਚ ਵਿਸ਼ਵਨਾਥ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਨੈਸ਼ਨਲ ਫਰੰਟ।

**ਹੇਠਾਂ ਦਿੱਤਾ ਪੈਰ੍ਹਾ ਪੜ੍ਹ ਕੇ ਅੱਗੇ ਦਿੱਤੇ ਉੱਤਰ ਪ੍ਰਸ਼ਨਾਂ ਦੇ ਉੱਤਰ ਦਿਓ -**

ਭਾਰਤੀ ਸੰਵਿਧਾਨ ਸਭਾ ਦੀ ਚੋਣ ਕੈਬਨਿਟ ਮਿਸ਼ਨ ਯੋਜਨਾ ਦੇ ਅਨੁਸਾਰ ਸੰਨ 1946 ਦੀ ਜੁਲਾਈ ਵਿੱਚ ਕੀਤੀ ਗਈ। ਸੰਵਿਧਾਨ ਸਭਾ ਦੇ ਕੁੱਲ 389 ਮੈਂਬਰ ਸਨ ਜਿਨ੍ਹਾਂ ਵਿੱਚੋਂ 292 ਮੈਂਬਰ ਬਰਤਾਨਵੀ-ਭਾਰਤੀ ਪ੍ਰਾਂਤਾਂ ਦੇ ਪ੍ਰਤੀਨਿੱਧ ਸਨ, 04 ਚੀਫ਼ ਕਮਿਸ਼ਨਰਾਂ ਦੇ ਅਤੇ 93 ਦੇਸੀ ਰਿਆਸਤਾਂ ਦੇ ਪ੍ਰਤੀਨਿਧ ਸਨ। ਇਹਨਾਂ ਪ੍ਰਤੀਨਿਤਾਂ ਦੀ ਚੋਣ ਪ੍ਰਾਂਤਾਂ ਦੀਆਂ ਵਿਧਾਨ ਸਭਾ ਵੱਲੋਂ ਕੀਤੀ ਗਈ ਸੀ। ਸੰਨ 1947 ਵਿੱਚ ਅਗਸਤ ਮਗਰੋਂ ਸੰਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ ਘੱਟ ਕੇ 324 ਹੀ ਰਹਿ ਗਈ। ਭਾਰਤੀ ਸੰਵਿਧਾਨ ਦਾ ਅਸਲ ਇਤਿਹਾਸ 09 ਨਵੰਬਰ 1946 ਤੋਂ ਆਰੰਭ ਹੋ ਕੇ 26 ਨਵੰਬਰ, 1949 ਤੱਕ ਸਫ਼ਰ ਕਰਦਾ ਹੈ ਜਦੋਂ ਸੰਵਿਧਾਨ ਸਭਾ ਦੇ ਪ੍ਰਧਾਨ ਡਾ. ਰਜਿੰਦਰ ਪ੍ਰਸਾਦ ਨੇ ਨਵੇਂ ਬਣੇ ਸੰਵਿਧਾਨ ਦੇ ਦਸਤਖ਼ਤ ਕੀਤੇ। ਇਵੇਂ ਭਾਰਤ ਦੇ ਸੰਵਿਧਾਨ ਨੂੰ ਤਿਆਰ ਹੋਣ ਵਿੱਚ 02 ਸਾਲ 11 ਮਹੀਨੇ ਤੇ 18 ਦਿਨ ਦਾ ਸਮਾਂ ਲੱਗਿਆ। ਸੰਵਿਧਾਨ ਸਭਾ ਦੀ ਪਲੇਠੀ ਬੈਠਕ ਜਦੋਂ 09 ਨਵੰਬਰ, 1946 ਨੂੰ ਹੋਈ ਸੀ ਤਾਂ ਪ੍ਰਧਾਨਗੀ ਸਭ ਤੋਂ ਵੱਡ-ਉਮਰੇ ਮੈਂਬਰ ਡਾ. ਸਚਿਦਾਨੰਦ ਸਿਨਹਾ ਨੇ ਕੀਤੀ ਸੀ। ਇਸ ਬੈਠਕ ਵਿੱਚ 210 ਮੈਂਬਰ ਹਾਜ਼ਰ ਹੋਏ ਸਨ। ਸੰਵਿਧਾਨ ਸਭਾ ਦੇ ਕੁੱਲ 11 ਸਮਾਗਮ ਹੋਏ, ਭਾਵ ਬੈਠਕਾਂ ਹੋਈਆਂ ਜਿਨ੍ਹਾਂ ਵਿੱਚ ਵੱਖ-ਵੱਖ ਧਰਾਵਾਂ ਸੰਬੰਧੀ ਬਹਿਸ-ਮੁਬਾਹਿਸੇ ਹੋਏ ਤੇ 26 ਨਵੰਬਰ, 1949 ਨੂੰ ਤਿਆਰ ਕੀਤਾ ਗਿਆ ਸੰਵਿਧਾਨ ਸਬੰਧਿਤ ਧਿਰਾਂ ਵੱਲੋਂ ਹਸਤਾਖ਼ਰ ਕਰ ਦਿੱਤੇ ਜਾਣ ਮਗਰੋਂ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ ਅਤੇ ਭਾਰਤੀ ਗਣਰਾਜ ਬਣਿਆ। ਸੰਵਿਧਾਨ ਲਾਗੂ ਕਰਨ ਦਾ ਇਹ ਦਿਨ ਚੁਣਿਆ ਵੀ ਇਸ ਲਈ ਗਿਆ ਕਿਉਂਕਿ ਬਰਤਾਨਵੀ-ਭਾਰਤੀ ਲੋਕ 26 ਜਨਵਰੀ, 1930 ਤੋਂ ਪੂਰਨ ਸਵਰਾਜ ਦੀ ਮੰਗ ਦੇ ਦਿਹਾੜੇ ਨੂੰ ਹੀ ਹਰ ਸਾਲ 'ਸੁਤੰਤਰਤਾ ਦਿਵਸ' ਵੱਜੋਂ ਮਨਾਉਂਦੇ ਆ ਰਹੇ ਸਨ। ਇਸ ਸੰਬੰਧ ਵਿੱਚ ਇੱਕ ਹੋਰ ਮਹੱਤਵਪੂਰਨ ਘਟਨਾ ਇਹ ਵੀ ਸੀ ਕਿ 22 ਜਨਵਰੀ, 1947 ਨੂੰ ਸੰਵਿਧਾਨ ਸਭਾ ਵਿੱਚ, ਪੰਡਿਤ ਜਵਾਹਰ ਲਾਲ ਨਹਿਰੂ ਨੇ ਸੰਵਿਧਾਨ ਸੰਬੰਧੀ, ਮੁੱਖ ਵਿਸ਼ੇਸ਼ਤਾਵਾਂ ਸਪੱਸ਼ਟ ਕਰਦਾ, ਇੱਕ ਪ੍ਰਸਤਾਵ ਪਾਸ ਕਰਵਾਇਆ ਸੀ ਜਿਸਨੂੰ ਭਾਰਤ ਮੋਟੇ ਤੌਰ 'ਤੇ ਭਾਰਤ ਦੇ ਸੰਵਿਧਾਨ ਦਾ ਫ਼ਲਸਫਾ ਵੀ ਕਿਹਾ ਜਾ ਸਕਦਾ ਹੈ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

(1) ਸੰਵਿਧਾਨ ਸਭਾ ਪਲੇਠੀ ਬੈਠਕ ਵਿੱਚ ਕੁੱਲ ਕਿੰਨ੍ਹੇ ਮੈਂਬਰ ਹਾਜ਼ਰ , ਗੈਰ-ਹਾਜ਼ਰ ਸਨ?

ਉੱਤਰ- ਕੁੱਲ ਮੈਂਬਰ = 389

ਹਾਜ਼ਰ ਮੈਂਬਰ = 210

ਗੈਰਹਾਜ਼ਰ ਮੈਂਬਰ = 389- 210 = 179

(2) ਕੀ ਭਾਰਤ ਦੇ ਪ੍ਰਥਮ ਰਾਸ਼ਟਰਪਤੀ ਨੇ ਹੀ ਸੰਵਿਧਾਨ ਸਭਾ ਦੀ ਪ੍ਰਥਮ ਬੈਠਕ ਦੀ ਅਗਵਾਈ ਕੀਤੀ ਸੀ?

ਉੱਤਰ- ਨਹੀਂ, ਸੰਵਿਧਾਨ ਸਭਾ ਦੀ ਪਹਿਲੀ ਬੈਠਕ (09 ਨਵੰਬਰ 1946) ਦੀ ਅਗਵਾਈ ਸਭ ਤੋਂ ਵੱਡ-ਉਮਰੇ ਮੈਂਬਰ ਡਾ. ਸਚਿਦਾਨੰਦ ਸਿਨਹਾ ਨੇ ਕੀਤੀ ਸੀ।

(3) ਭਾਰਤ ਦੀਆਂ ਦੇਸੀ ਰਿਆਸਤਾਂ ਵਿੱਚੋਂ ਚੜ੍ਹਦੇ ਪੰਜਾਬ ਨਾਲ ਸੰਬੰਧਿਤ ਕਿਹੜੀਆਂ-ਕਿਹੜੀਆਂ ਸਨ?

ਉੱਤਰ- ਚੜ੍ਹਦੇ ਪੰਜਾਬ ਨਾਲ ਸੰਬੰਧਿਤ ਮੁੱਖ ਦੇਸੀ ਰਿਆਸਤਾਂ ਵਿੱਚ ਸ਼ਾਮਿਲ ਸਨ- ਪਟਿਆਲਾ, ਕਪੂਰਥਲਾ, ਨਾਭਾ, ਜਿੰਦ ਅਤੇ ਫਰੀਦਕੋਟ।

(4) ਪੈਪਸੂ (PEPSU) ਤੋਂ ਕੀ ਭਾਵ ਹੈ? ਉਸਦੇ ਨਾਮ ਨਾਲ ਸੰਬੰਧਿਤ ਕੋਈ ਸੰਸਥਾ ਹਾਲੇ ਵੀ ਕਾਰਜਸ਼ੀਲ ਹੈ। ਨਾਮ ਦੱਸੋ।

ਉੱਤਰ- PEPSU -Patiala and East Punjab States Union| ਇਹ 8 ਰਿਆਸਤਾਂ ਨੂੰ ਮਿਲਾ ਕੇ ਬਣੀ ਸੀ। ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ (PRTC) ਅਜੇ ਵੀ ਪੰਜਾਬ ਵਿੱਚ ਕਾਰਜਸ਼ੀਲ ਹੈ।

(5) ਪੈਰ੍ਹੇ ਵਿੱਚ ਜ਼ਿਕਰ ਹੋਏ ਨਾਮਾਂ ਵਿੱਚੋਂ ਕੌਣ ਭਾਰਤੀ ਗਣਰਾਜ ਦੀ ਰਾਜਨੀਤੀ ਵਿੱਚ ਕਿਹੜੇ-ਕਿਹੜੇ ਅਹੁਦੇ 'ਤੇ ਬਿਰਾਜਮਾਨ ਹੋਏ?

ਉੱਤਰ- ਡਾ. ਰਾਜਿੰਦਰ ਪ੍ਰਸਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦੇ ਅਹੁਦੇ ਉਪਰ ਬਿਰਾਜਮਾਨ ਹੋਏ।